SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 03 | Thursday, January 04, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਫਾਰਮੇਸੀ ਵਿੱਚ ਪਏ ਡਾਕੇ ਦੌਰਾਨ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ



ਓਕਵਿੱਲ, 3 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਓਕਵਿੱਲ ਵਿੱਚ ਹਥਿਆਰਬੰਦ ਡਾਕੇ ਤੋਂ ਬਾਅਦ ਇੱਕ ਵਿਅਕਤੀ ਨੂੰ ਹੈਮਿਲਟਨ ਦੇ ਹਸਪਤਾਲ ਲਿਜਾਇਆ ਗਿਆ। ਹਾਈਵੇਅ 403 ਦੇ ਉੱਤਰ ਵੱਲ ਤੇ ਤੀਜੀ ਲਾਈਨ ਦੇ ਪੂਰਬ ਵੱਲ ਐਬੇਅਵੁੱਡ ਡਰਾਈਵ ਉੱਤੇ ਸਥਿਤ ਡਰੱਗ ਸਟੋਰ ਉੱਤੇ ਸ਼ਾਮੀਂ 5:30 ਵਜੇ ਦੇ ਨੇੜੇ ਤੇੜੇ ਇਹ ਘਟਨਾ ਵਾਪਰੀ। ਹਾਲਟਨ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਮਾਮੂਲੀ ਜ਼ਖ਼ਮੀ ਹੋ ਗਿਆ।

ਦੋ ਮਸ਼ਕੂਕ ਅਜੇ ਵੀ ਫਰਾਰ ਹਨ। ਪੁਲਿਸ ਵੱਲੋਂ ਅਜੇ ਤੱਕ ਉਨ੍ਹਾਂ ਸਬੰਧੀ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਗੱਡੀਆਂ ਦੀ ਟੱਕਰ ਵਿੱਚ 2 ਜ਼ਖ਼ਮੀ, ਇੱਕ ਦੀ ਹਾਲਤ ਨਾਜ਼ੁਕ



ਬਰੈਂਪਟਨ, 3 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਬਰੈਂਪਟਨ ਵਿੱਚ ਹੋਏ ਹਾਦਸੇ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਹਾਦਸੇ ਦੀ ਜਾਣਕਾਰੀ ਦੇ ਕੇ ਐਮਰਜੰਸੀ ਅਮਲੇ ਨੂੰ ਸਵੇਰੇ 11:30 ਵਜੇ ਡਿਕਸੀ ਰੋਡ ਤੇ ਕੁਈਨ ਸਟਰੀਟ ਦੇ ਇੰਟਰਸੈਕਸ਼ਨ ਕੋਲ ਸੱਦਿਆ ਗਿਆ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਦੋ ਗੱਡੀਆਂ ਸ਼ਾਮਿਲ ਸਨ। ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਿਨ੍ਹਾਂ ਵਿੱਚੋਂ ਮਹਿਲਾ ਦੀ ਹਾਲਤ ਨਾਜ਼ੁਕ ਸੀ ਤੇ ਪੁਰਸ਼ ਦੀ ਹਾਲਤ ਬਹੁਤੀ ਗੰਭੀਰ ਨਹੀਂ ਸੀ।

# ਓਨਟਾਰੀਓ ਦੇ ਹਸਪਤਾਲਾਂ ਦਾ ਅੱਧਾ ਸਟਾਫ ਨੌਕਰੀ ਛੱਡਣ ਬਾਰੇ ਕਰ ਰਿਹਾ ਹੈ ਵਿਚਾਰ

ਓਨਟਾਰੀਓ, 3 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਹੈਲਥ ਕੇਅਰ ਵਰਕਰਜ਼ ਦੀ ਅਗਵਾਈ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਸਟਾਫ ਦੇ ਸੰਕਟ ਨੂੰ ਖ਼ਤਮ ਕਰਨ ਲਈ ਫੋਰਡ ਸਰਕਾਰ ਨੂੰ ਹੋਰ ਕਾਫੀ ਕੁੱਝ ਕਰਨ ਦੀ ਲੋੜ ਹੈ। ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਪ੍ਰੋਵਿੰਸ ਦੇ ਹਸਪਤਾਲਾਂ ਦਾ ਲੱਗਭਗ ਅੱਧਾ ਸਟਾਫ ਆਪਣੀ ਨੌਕਰੀ ਛੱਡਣ ਬਾਰੇ ਵਿਚਾਰ ਕਰ ਰਿਹਾ ਹੈ।



ਇਹ ਅੰਕੜੇ ਨੈਨੋਜ਼ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਤੋਂ ਸਾਹਮਣੇ ਆਏ ਹਨ। ਪ੍ਰੋਵਿੰਸ ਦੇ ਹਸਪਤਾਲਾਂ ਦੇ 41 ਫੀ ਸਦੀ ਸਟਾਫ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੰਮ ਉੱਤੇ ਜਾਂਦਿਆਂ ਨੂੰ ਡਰ ਲੱਗਦਾ ਹੈ ਜਦਕਿ 43 ਫੀ ਸਦੀ ਦਾ ਕਹਿਣਾ ਹੈ ਕਿ ਉਹ ਵੱਖਰਾ ਕਰੀਅਰ ਚੁਣਨ ਬਾਰੇ ਵਿਚਾਰ ਕਰ ਰਹੇ ਹਨ। ਓਨਟਾਰੀਓ ਵਿੱਚ ਕੁੱਝ ਹੈਲਥ ਕੇਅਰ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕਿਊਪ) ਦਾ ਕਹਿਣਾ ਹੈ ਕਿ ਜੇ ਪ੍ਰੋਵਿੰਸ ਵੱਲੋਂ ਇਸ ਪਾਸੇ ਕੋਈ ਕਦਮ ਨਹੀਂ ਚੁੱਕੇ ਜਾਂਦੇ ਤਾਂ ਹਾਲਾਤ ਹੋਰ ਵੀ ਬਦਤਰ ਹੋ ਸਕਦੇ ਹਨ।

ਕਿਊਪ ਦੇ ਓਨਟਾਰੀਓ ਕਾਊਂਸਲ ਆਫ ਹੌਸਪਿਟਲ ਯੂਨੀਅਨਜ਼ ਦੇ ਖਜ਼ਾਨਾ ਸਕੱਤਰ ਸ਼ੈਰਨ ਰਿਚਰ ਨੇ ਆਖਿਆ ਕਿ ਇਸ ਸਰਵੇਖਣ ਦੇ ਨਤੀਜੇ ਕਾਫੀ ਚਿੰਤਾਜਨਕ ਹਨ। ਉਨ੍ਹਾਂ ਆਖਿਆ ਕਿ ਸਟਾਫ ਨੂੰ ਦਰਪੇਸ਼ ਸੰਕਟ ਦੀ ਹੱਦ ਹੋ ਚੁੱਕੀ ਹੈ। ਉਨ੍ਹਾਂ ਆਖਿਆ ਕਿ ਵਰਕਰਜ਼ ਕੰਮ ਦੇ ਹਾਲਾਤ ਨੂੰ ਲੈ ਕੇ ਕਾਫੀ ਨਾਖੁਸ਼ ਹਨ ਤੇ ਇਸ ਸੱਭ ਕਾਸੇ ਦਾ ਉਨ੍ਹਾਂ ਦੀ ਮਾਨਸਿਕ ਸਿਹਤ ਉੱਤੇ ਵੀ ਅਸਰ ਪੈਂਦਾ ਹੈ। ਸਰਵੇਖਣ ਵਿੱਚ ਸਾਹਮਣੇ ਆਇਆ ਕਿ 5 ਵਿੱਚੋਂ 4 ਵਰਕਰਜ਼ ਇਸ ਗੱਲ ਨੂੰ ਲੈ ਕੇ ਬਿਲਕੁਲ ਵੀ ਆਸਵੰਦ ਨਹੀਂ ਹਨ ਕਿ 2024 ਵਿੱਚ ਪ੍ਰੋਵਿੰਸ਼ੀਅਲ ਸਰਕਾਰ ਹੈਲਥ ਕੇਅਰ ਸਿਸਟਮ ਵਿੱਚ ਕੋਈ ਸੁਧਾਰ ਲਿਆਵੇਗੀ। ਰਿਚਰ ਨੇ ਆਖਿਆ ਕਿ ਸਾਰਾ ਸਿਸਟਮ ਵਰਕਰਜ਼ ਦੇ ਸਿਰ ਉੱਤੇ ਚੱਲਦਾ ਹੈ ਫਿਰ ਵੀ ਉਨ੍ਹਾਂ ਦੀਆਂ ਲੋੜਾਂ ਵੱਲ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।

# ਬੀਐਲਐਸ ਨੇ ਮਿਸੀਸਾਗਾ ਵਿੱਚ ਖੋਲ੍ਹਿਆ ਨਵਾਂ ਸਰਵਿਸ ਸੈਂਟਰ

ਮਿਸੀਸਾਗਾ, 3 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਸਥਿਤ ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਪਹਿਲੀ ਜਨਵਰੀ 2024 ਤੋਂ ਬੀਐਲਐਸ ਇੰਟਰਨੈਸ਼ਨਲ ਸਰਵਿਸਿਜ਼ ਕੈਨੇਡਾ ਇਨਕਾਰਪੋਰੇਸ਼ਨ ਵੱਲੋਂ ਜੀਟੀਏ ਰੀਜਨ ਲਈ ਮਿਸੀਸਾਗਾ ਵਿੱਚ ਤੇ ਨੋਵਾ ਸਕੋਸ਼ੀਆ ਰੀਜਨ ਲਈ ਹੈਲੀਫੈਕਸ ਵਿੱਚ ਦੋ ਨਵੇਂ ਸਰਵਿਸ ਸੈਂਟਰ ਖੋਲ੍ਹ ਦਿੱਤੇ ਗਏ ਹਨ।



- ਇਨ੍ਹਾਂ ਸੈਂਟਰਾਂ ਉੱਤੇ ਪਾਸਪੋਰਟ, ਵੀਜ਼ਾ, ਓਸੀਆਈ ਤੇ ਅਟੈਸਟੇਸ਼ਨ ਸੇਵਾਵਾਂ ਵਾਸਤੇ ਅਰਜ਼ੀਆਂ ਅਪੁਆਇੰਟਮੈਂਟ ਤੇ ਵਾਕ-ਇਨ ਰਾਹੀਂ ਸਵੀਕਾਰੀਆਂ ਜਾਣਗੀਆਂ। ਮਿਸੀਸਾਗਾ ਦੀ ਲੋਕੇਸ਼ਨ ਹੇਠ ਲਿਖੇ ਮੁਤਾਬਕ ਹੈ :
- ਮਿਸੀਸਾਗਾ -ਯੂਨਿਟ 505-3461 ਡਿਕਸੀ ਰੋਡ ਮਿਸੀਸਾਗਾ, ਓਨਟਾਰੀਓ, L4Y3X4, Canada
ਫੋਨ ਨੰ 289-498-1320
- ਸੈਂਟਰ ਦੇ ਵਰਕਿੰਗ ਆਰਜ਼ ਤੇ ਹੋਰ ਜਾਣਕਾਰੀ ਬੀਐਲਐਸ ਦੀ ਵੈੱਬਸਾਈਟ www.blsindia-canada.com ਉੱਤੇ ਵੇਖੀ ਜਾ ਸਕਦੀ ਹੈ।

ਇਸ ਦੇ ਨਾਲ ਹੀ ਇਹ ਐਲਾਨ ਵੀ ਕੀਤਾ ਗਿਆ ਕਿ ਬੀਐਲਐਸ ਦੇ ਇੰਟਰਨੈਸ਼ਨਲ ਸਰਵਿਸਿਜ਼ ਲਿਮਟਿਡ ਸੈਂਟਰਾਂ ਉੱਤੇ ਪਹਿਲੀ ਜਨਵਰੀ, 2024 ਤੋਂ ਅਟੈਸਟੇਸ਼ਨ ਸਰਵਿਸਿਜ਼ ਸਵੀਕਾਰੀਆਂ ਜਾਣ ਲੱਗੀਆਂ ਹਨ। ਅਰਜ਼ੀਆਂ ਦੇ ਪ੍ਰੋਸੀਜ਼ਰ, ਫੀਸ ਆਦਿ ਬਾਰੇ ਜਾਣਕਾਰੀ ਬੀਐਲਐਸ ਦੀ ਵੈੱਬਸਾਈਟ www.blsindia-canada.com ਉੱਤੇ ਉਪਲਬਧ ਹੈ। 31 ਦਸੰਬਰ, 2023 ਤੋਂ ਬਾਅਦ ਕਾਊਂਸਲੇਟ ਵੱਲੋਂ ਅਟੈਸਟੇਸ਼ਨ ਲਈ ਅਰਜ਼ੀਆਂ ਸਵੀਕਾਰੇ ਜਾਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਹੇਠ ਲਿਖੀਆਂ ਸਰਵਿਸਿਜ਼ ਲਈ ਕਾਊਂਸਲੇਟ ਵੱਲੋਂ ਸਿੱਧੀਆਂ ਅਰਜ਼ੀਆਂ ਸਵੀਕਾਰਨੀਆਂ ਜਾਰੀ ਰੱਖੀਆਂ ਜਾਣਗੀਆਂ :

- ਲਾਈਫ ਸਰਟੀਫਿਕੇਟ
- ਜਨਮ ਦੀ ਰਜਿਸਟਰੇਸ਼ਨ
- ਭਾਰਤੀ ਨਾਗਰਿਕ ਦੀ ਮੌਤ ਦੀ ਰਜਿਸਟਰੇਸ਼ਨ
- ਲਾਸ਼ ਨੂੰ ਭਾਰਤ ਲਿਜਾਣ ਲਈ ਐਨਓਸੀਜ਼
- ਐਨਆਰਆਈ ਸਰਟੀਫਿਕੇਟ
- ਐਨਓਆਰਆਈ ਸਰਟੀਫਿਕੇਟ

# ਟੋਰਾਂਟੋ ਵਿੱਚ ਗੋਲੀ ਖਹਿ ਕੇ ਲੰਘਣ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 3 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਪੱਛਮੀ ਟੋਰਾਂਟੋ ਦੇ ਯੌਰਕ ਏਰੀਆ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ।



ਇਹ ਘਟਨਾ ਅਲਾਇੰਸ ਐਵਨਿਊ ਨੇੜੇ ਹੰਬਰ ਬੁਲੇਵਾਰਡ ਉੱਤੇ ਰੋਕ-ਕਲਿੱਫ-ਸਮਿੱਥ ਇਲਾਕੇ ਵਿੱਚ ਵਾਪਰੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 9:00 ਵਜੇ ਇਸ ਘਟਨਾ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕੇ ਉੱਤੇ ਉਨ੍ਹਾਂ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਇਆ ਵਿਅਕਤੀ ਮਿਲਿਆ। ਪੁਲਿਸ ਨੇ ਦੱਸਿਆ ਕਿ ਗੋਲੀ ਜ਼ਰੂਰ ਚੱਲੀ ਪਰ ਵਿਅਕਤੀ ਨੂੰ ਅਸਲ ਵਿੱਚ ਗੋਲੀ ਨਹੀਂ ਲੱਗੀ। ਪੁਲਿਸ ਮੁਤਾਬਕ ਜ਼ਖ਼ਮੀ ਵਿਅਕਤੀ ਨੂੰ ਗੋਲੀ ਖਹਿ ਕੇ ਲੰਘ ਗਈ।

ਪੈਰਾਮੈਡਿਕਸ ਵੀ ਮੌਕੇ ਉੱਤੇ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਜ਼ਖ਼ਮੀ ਵਿਅਕਤੀ ਆਪਣੇ 20ਵਿਆਂ ਵਿੱਚ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

MagGas Medical Brampton
MGM
MagGas Medical Inc.
Helping you breathe deep and rest easy.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਈ ਡੀ ਵੱਲੋਂ ਸੀ ਆ ਗਿਆ ਨਵਾਂ ਸੰਮਣ,
ਕੇਜਰੀਵਾਲ ਨਾ ਹੋਇਆ ਹੈ ਪੇਸ਼ ਮੀਆਂ।
ਮੋੜਵੀਂ ਚਿੱਠੀ ਉਸ ਸੁਣੀਂਦੀ ਘੱਲ ਓਥੇ,
ਸੋਚਣ ਲਾ ਦਿੱਤਾ ਈ ਸਾਰਾ ਦੇਸ਼ ਮੀਆਂ।
ਅਫਸਰ ਈ ਡੀ ਦੇ ਪੜ੍ਹਨ ਕਾਨੂੰਨ ਲਾਏ,
ਬੜ੍ਹਕਦੇ ਜਿਹੜੇ ਨੇ ਉਂਜ ਹਮੇਸ਼ ਮੀਆਂ।
ਕਾਨੂੰਨੀ ਗੇੜ ਜਦ ਚੱਲਿਆ, ਹੋਊ ਲੰਮਾ,
ਝਟਪਟ ਲੱਗਾ ਨਾ ਮੁੱਕਣ ਕਲੇਸ਼ ਮੀਆਂ।
ਓਧਰ ਹਾਜ਼ਰ ਨਾ ਅਜੇ ਹੇਮੰਤ ਹੋਇਆ,
ਪੇਸ਼ੀ ਰਿਹਾ ਨਾ ਅਜੇ ਵੀ ਭੁਗਤ ਮੀਆਂ।
ਸਾਰੇ ਸੰਮਨ ਨਿੱਤ ਟਾਲਦਾ ਇੰਜ ਜਾਂਦਾ,
ਤਾਜ਼ੀ ਭਾਲ ਲੈਂਦਾ ਨਵੀਂ ਜੁਗਤ ਮੀਆਂ।

**ਤੀਸ ਮਾਰ ਖਾਂ**

# ਲੇਬਨਾਨ ਵਿੱਚ ਹਮਾਸ ਦਾ ਡਿਪਟੀ ਲੀਡਰ ਮਾਰਿਆ, ਇਜ਼ਰਾਈਲੀ ਫੌਜ ਨੇ ਕੰਟਰੋਲ ਕੇਂਦਰ 'ਤੇ ਕੀਤਾ ਕਬਜ਼ਾ

ਤਲਅਵੀਵ, 3 ਜਨਵਰੀ (ਪੋਸਟ ਬਿਊਰੋ): ਇਜ਼ਰਾਈਲ ਡਿਫੈਂਸ ਫੋਰਸਿਜ਼ (ਆਈਡੀਐੱਫ) ਨੇ ਇਜ਼ਰਾਈਲ ਅਤੇ ਹਮਾਸ ਵਿਚਕਾਰ 7 ਅਕਤੂਬਰ, 2023 ਤੋਂ ਚੱਲ ਰਹੀ ਜੰਗ ਵਿੱਚ ਮਹੱਤਵਪੂਰਨ ਸਫਲਤਾ ਹਾਸਿਲ ਕੀਤੀ ਹੈ। ਟਾਈਮਜ਼ ਆਫ਼ ਇਜ਼ਰਾਈਲ ਦੇ ਅਨੁਸਾਰ, ਇਜ਼ਰਾਈਲੀ ਰੱਖਿਆ ਬਲ (ਆਈਡੀਐੱਫ) ਨੇ ਲੇਬਨਾਨ ਵਿੱਚ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਡਰੋਨ ਹਮਲੇ ਦੌਰਾਨ ਹਮਾਸ ਦੇ ਉਪ ਨੇਤਾ ਸਾਲੇਹ ਅਲ-ਅਰੋਰੀ ਨੂੰ ਮਾਰ ਦਿੱਤਾ। ਹਮਾਸ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ।



ਹਮਾਸ ਦੇ ਨੇਤਾ ਇਸਮਾਈਲ ਹਾਨੀਏ ਨੇ ਅਰੂਰੀ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ ਹੈ। ਉਸ ਨੇ ਕਿਹਾ ਹੈ ਕਿ ਇਹ ਹਮਲਾ ਲੇਬਨਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਹੈ। ਹੁਣ ਜੋ ਵੀ ਹੋਵੇਗਾ ਉਸ ਲਈ ਇਜ਼ਰਾਈਲ ਖੁਦ ਜ਼ਿੰਮੇਵਾਰ ਹੋਵੇਗਾ। ਇੱਕ ਰਿਪੋਰਟ ਅਨੁਸਾਰ, ਆਈਡੀਐੱਫ ਨੇ ਮੰਗਲਵਾਰ ਰਾਤ ਨੂੰ ਮੱਧ ਗਾਜ਼ਾ ਵਿੱਚ ਹਮਾਸ ਦੇ ਖੁਫੀਆ ਅਤੇ ਕੰਟਰੋਲ ਕੇਂਦਰ 'ਤੇ ਕਬਜ਼ਾ ਕਰ ਲਿਆ।

ਜਣਾਕਾਰੀ ਅਨੁਸਾਰ ਮੰਗਲਵਾਰ ਨੂੰ ਦੀ ਸਪੈਸ਼ਲ ਕਮਾਂਡੋ ਯੂਨਿਟ ਨੇ ਇੱਕ ਗੁਪਤ ਆਪਰੇਸ਼ਨ ਚਲਾਇਆ। ਇਸ ਦੌਰਾਨ ਸੁਰੱਖਿਆ ਦੀਆਂ ਤਿੰਨ ਪਰਤਾਂ ਬਣਾਈਆਂ ਗਈਆਂ ਸਨ। ਮੱਧ ਗਾਜ਼ਾ ਵਿੱਚ ਇੱਕ ਇਮਾਰਤ ਨੂੰ ਪੂਰੀ ਤਰ੍ਹਾਂ ਨਾਲ ਘੇਰ ਲਿਆ ਗਿਆ ਸੀ। ਇਸ ਦੇ ਬਿਜਲੀ ਅਤੇ ਪਾਣੀ ਦੇ ਸਾਰੇ ਕੁਨੈਕਸ਼ਨ ਕੱਟ ਦਿੱਤੇ ਗਏ। ਇਸ ਤੋਂ ਬਾਅਦ ਕਮਾਂਡੋ ਅਤੇ ਡੌਗ ਯੂਨਿਟ ਇਮਾਰਤ ਵਿੱਚ ਦਾਖਲ ਹੋਏ।

ਪਹਿਲਾਂ ਕੁੱਤਿਆਂ ਦੀ ਯੂਨਿਟ ਭੇਜੀ ਗਈ ਅਤੇ ਫਿਰ ਕਮਾਂਡੋ ਯੂਨਿਟ ਅੰਦਰ ਗਈ। ਇਸ ਦੌਰਾਨ ਕਾਫੀ ਦੇਰ ਤੱਕ ਗੋਲੀਬਾਰੀ ਹੁੰਦੀ ਰਹੀ। ਗੋਲੀਬਾਰੀ 'ਚ ਹਮਾਸ ਦੇ ਕਈ ਅੱਤਵਾਦੀ ਮਾਰੇ ਗਏ। ਇਸ ਦੌਰਾਨ ਯੂਨਿਟ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਬਾਅਦ ਵਿੱਚ ਕਿਹਾ ਗਿਆ ਕਿ ਜਿਸ ਇਮਾਰਤ ਵਿੱਚ ਕਾਰਵਾਈ ਕੀਤੀ ਗਈ ਸੀ ਉਹ ਹਮਾਸ ਦਾ ਖੁਫੀਆ ਅਤੇ ਕੰਟਰੋਲ ਹੈੱਡਕੁਆਰਟਰ ਸੀ। ਇੱਥੋਂ ਹਜ਼ਾਰਾਂ ਦਸਤਾਵੇਜ਼ ਬਰਾਮਦ ਹੋਏ ਹਨ। ਇਸ ਤੋਂ ਇਲਾਵਾ ਆਪਰੇਸ਼ਨ ਦੌਰਾਨ ਕਈ ਅੱਤਵਾਦੀ ਵੀ ਮਾਰੇ ਗਏ।

# ਅਸਾਮ ਵਿਚ ਬੱਸ ਨਾਲ ਟਰੱਕ ਦੀ ਟੱਕਰ, 14 ਮੌਤਾਂ, 27 ਜ਼ਖਮੀ



ਆਸਾਮ, 3 ਜਨਵਰੀ (ਪੋਸਟ ਬਿਊਰੋ): ਗੋਲਾਘਾਟ ਜ਼ਲ੍ਹਿੇ ਵਿੱਚ ਬੁੱਧਵਾਰ ਸਵੇਰੇ ਇੱਕ ਬੱਸ ਅਤੇ ਟਰੱਕ ਦੀ ਟੱਕਰ ਹੋ ਗਈ। ਇਸ ਭਿਆਨਕ ਸੜਕ ਹਾਦਸੇ 'ਚ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਗਈ ਅਤੇ 27 ਹੋਰ ਜ਼ਖਮੀ ਹੋ ਗਏ। ਗੋਲਾਘਾਟ ਦੇ ਐੱਸ.ਪੀ. ਰਾਜੇਨ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਗੋਲਾਘਾਟ ਦੇ ਡੇਰਗਾਂਵ ਨੇੜੇ ਬਲੀਜਾਨ ਇਲਾਕੇ ਵਿੱਚ ਸਵੇਰੇ ਕਰੀਬ 5 ਵਜੇ ਵਾਪਰਿਆ। ਬੱਸ ਅਤੇ ਟਰੱਕ ਦੀ ਇੰਨੀ ਟੱਕਰ ਹੋਈ ਕਿ ਦੋਵੇਂ ਵਾਹਨਾਂ ਦੇ ਪਰਖੱਚੇ ਉੱਡ ਗਏ। ਇਸ ਭਿਆਨਕ ਹਾਦਸੇ ਤੋਂ ਬਾਅਦ ਹਸਪਤਾਲ ਵਿਚ ਦਾਖਲ ਲੋਕਾਂ ਅਤੇ ਮ੍ਰਿਤਕਾਂ ਵਿਚ ਸੋਗ ਪਾਇਆ ਜਾ ਰਿਹਾ ਹੈ।

# ਸਰਕਾਰ ਨੇ ਹੜਤਾਲ 'ਤੇ ਗਏ ਟਰਾਂਸਪੋਰਟਰਾਂ ਨੂੰ ਮਨਾਇਆ, ਸਰਕਾਰ ਨੇ ਕਿਹਾ, ਫਿਲਹਾਲ ਇਹ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ

ਨਵੀਂ ਦਿੱਲੀ, 3 ਜਨਵਰੀ (ਪੋਸਟ ਬਿਊਰੋ): ਹਿੱਟ ਐਂਡ ਰਨ ਕਾਨੂੰਨ ਨੂੰ ਲੈ ਕੇ ਚੱਲ ਰਿਹਾ ਵਿਰੋਧ ਅੱਜ ਪੂਰੀ ਤਰ੍ਹਾਂ ਖਤਮ ਹੋਣ ਦੀ ਉਮੀਦ ਹੈ। ਨਵੇਂ ਕਾਨੂੰਨ ਨੂੰ ਲੈ ਕੇ ਸਰਕਾਰ ਅਤੇ ਟਰਾਂਸਪੋਰਟਰਾਂ ਵਿਚਾਲੇ ਸਮਝੌਤਾ ਹੋ ਗਿਆ ਹੈ। ਟਰਾਂਸਪੋਰਟ ਸੰਗਠਨ ਨੇ ਦੇਸ਼ ਭਰ ਦੇ ਡਰਾਈਵਰਾਂ ਨੂੰ ਹੜਤਾਲ ਵਾਪਿਸ ਲੈਣ ਲਈ ਕਿਹਾ ਹੈ। ਦਰਅਸਲ, ਆਲ ਇੰਡੀਆ ਟਰਾਂਸਪੋਰਟ ਕਾਂਗਰਸ (ਏ.ਆਈ.ਐੱਮ.ਟੀ.ਸੀ.) ਦੀ ਗ੍ਰਹਿ ਸਕੱਤਰ ਨਾਲ ਮੀਟਿੰਗ ਹੋਈ ਸੀ, ਜਿਸ ਤੋਂ ਬਾਅਦ ਸਰਕਾਰ ਨੇ ਸੰਗਠਨ ਨੂੰ ਭਰੋਸਾ ਦਿੱਤਾ ਸੀ ਕਿ ਫਿਲਹਾਲ ਇਹ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ ਅਤੇ ਜਦੋਂ ਵੀ ਇਹ ਲਾਗੂ ਹੋਵੇਗਾ, ਸੰਗਠਨ



ਨਾਲ ਗੱਲਬਾਤ ਕੀਤੀ ਜਾਵੇਗੀ। ਗ੍ਰਹਿ ਸਕੱਤਰ ਅਜੈ ਭੱਲਾ ਨੇ ਟਰਾਂਸਪੋਰਟਰਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਡਰਾਈਵਰਾਂ ਅਤੇ ਟਰਾਂਸਪੋਰਟਰਾਂ ਦੀਆਂ ਸਾਰੀਆਂ ਖਦਸ਼ਿਆਂ ਦਾ ਹੱਲ ਕਰੇਗੀ, ਜਿਸ ਤੋਂ ਬਾਅਦ ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਨੇ ਡਰਾਈਵਰਾਂ ਨੂੰ ਹੜਤਾਲ ਖਤਮ ਕਰਕੇ ਕੰਮ 'ਤੇ ਪਰਤਣ ਦੀ ਅਪੀਲ ਕੀਤੀ।

ਪਿਛਲੇ ਦੋ ਦਿਨਾਂ ਤੋਂ ਟਰਾਂਸਪੋਰਟਰਾਂ ਦੀ ਚੱਲ ਰਹੀ ਹੜਤਾਲ ਕਾਰਨ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਕਾਫ਼ੀ ਪ੍ਰਭਾਵਿਤ ਹੋਈ ਜਿਸ ਕਾਰਨ ਦੁੱਧ ਅਤੇ ਸਬਜ਼ੀਆਂ ਦੇ ਭਾਅ ਵੀ ਵਧ ਗਏ ਹਨ। ਇਸ ਹੜਤਾਲ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੇ ਵੱਡਾ ਫੈਸਲਾ ਲਿਆ ਹੈ। ਹਾਲਾਤ ਆਮ ਹੋਣ ਤੱਕ ਚੰਡੀਗੜ੍ਹ ਵਿਚ ਦੋਪਹੀਆ ਵਾਹਨਾਂ ਨੂੰ ਦੋ ਲੀਟਰ ਅਤੇ ਚਾਰ ਪਹੀਆ ਵਾਹਨਾਂ ਨੂੰ ਪੰਜ ਲੀਟਰ ਤੇਲ ਮਿਲੇਗਾ। ਇਹ ਹੁਕਮ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਗਏ ਹਨ।

# ਬ੍ਰਿਟੇਨ ਵਿੱਚ 16 ਸਾਲ ਦੀ ਲੜਕੀ ਦਾ ਵਰਚੂਅਲ ਰਿਐਲਿਟੀ ਗੇਮ ਵਿਚ ਸਮੂਹਿਕ ਬਲਾਤਕਾਰ : ਪੁਲਿਸ ਵਲੋਂ ਜਾਂਚ ਸ਼ੁਰੂ

ਲੰਡਨ, 3 ਜਨਵਰੀ (ਪੋਸਟ ਬਿਊਰੋ): ਬ੍ਰਿਟੇਨ ਵਿਚ ਪਹਿਲੀ ਵਾਰ ਮੈਟਾਵਰਸ 'ਚ 16 ਸਾਲਾ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਬ੍ਰਿਟਿਸ਼ ਪੁਲਿਸ ਅਨੁਸਾਰ, ਪੀੜਤਾ ਦਾ ਦੋਸ਼ ਹੈ ਕਿ ਕੁਝ ਅਣਪਛਾਤੇ ਲੋਕਾਂ ਨੇ ਇੱਕ ਵਰਚੂਅਲ ਰਿਐਲਿਟੀ ਗੇਮ ਵਿੱਚ ਉਸਦੇ ਅਵਤਾਰ ਨਾਲ ਸਮੂਹਿਕ ਬਲਾਤਕਾਰ ਕੀਤਾ।



ਇਸ ਦੌਰਾਨ ਉਸ ਨੂੰ ਸਰੀਰਕ ਤੌਰ 'ਤੇ ਕੋਈ ਨੁਕਸਾਨ ਨਹੀਂ ਪਹੁੰਚ-ਾਇਆ ਗਿਆ ਹੈ ਪਰ ਅਧਿਕਾਰੀਆਂ ਮੁਤਾਬਕ ਉਸ ਦੇ ਮਨ 'ਤੇ ਬਲਾਤਕਾਰ ਦੀ ਪੀੜਤਾ ਵਾਂਗ ਡੂੰਘਾ ਅਸਰ ਪਿਆ ਹੈ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਪੀੜਤਾ ਨੇ ਵਰਚੁਅਲ ਰਿਐਲਿਟੀ ਹੈੱਡਸੈੱਟ ਪਾਇਆ ਹੋਇਆ ਸੀ। ਮੈਟਾਵਰਸ 'ਚ ਬਲਾਤਕਾਰ ਦਾ ਇਹ ਪਹਿਲਾ ਮਾਮਲਾ ਹੈ, ਜਿਸ ਦੀ ਪੁਲਸ ਜਾਂਚ ਕਰ ਰਹੀ ਹੈ।

ਬਰਤਾਨੀਆ ਦੇ ਗ੍ਰਹਿ ਮੰਤਰੀ ਜੇਮਜ਼ ਕਲੀਵਰਲੀ ਨੇ ਇਸ ਮਾਮਲੇ ਦੀ ਜਾਂਚ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਹੈ ਕਿ ਇਸ ਕੇਸ ਨੂੰ ਸੱਚ ਤੋਂ ਪਰ੍ਹੇ ਕਹਿ ਕੇ ਆਸਾਨੀ ਨਾਲ ਰੱਦ ਕੀਤਾ ਜਾ ਸਕਦਾ ਹੈ ਪਰ ਵੱਡੀ ਗੱਲ ਇਹ ਹੈ ਕਿ ਅੱਜ ਦੇ ਨੌਜਵਾਨ ਇਸ ਵਿਚ ਕਾਫੀ ਹੱਦ ਤੱਕ ਡੁੱਬ ਚੁੱਕੇ ਹਨ, ਜਿਸ ਕਾਰਨ ਅਜਿਹੇ ਹਨ। ਮਾਮਲਿਆਂ ਦਾ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਕਲੇਵਰਲੀ ਨੇ ਅੱਗੇ ਕਿਹਾ ਕਿ ਅਜਿਹੇ ਮਾਮਲੇ ਇਹ ਵੀ ਦਰਸਾਉਂਦੇ ਹਨ ਕਿ ਜੋ ਲੋਕ ਵਰਚੂਅਲ ਰਿਐਲਿਟੀ ਵਿੱਚ ਇੱਕ ਲੜਕੀ ਨਾਲ ਅਜਿਹਾ ਕਰ ਸਕਦੇ ਹਨ ਉਹ ਅਸਲ ਦੁਨੀਆਂ ਵਿੱਚ ਬਹੁਤ ਜ਼ਿਆਦਾ ਖਤਰਨਾਕ ਹੋ ਸਕਦੇ ਹਨ। ਡੇਲੀ ਮੇਲ ਦੀ ਰਿਪੋਰਟ ਮੁਤਾਬਕ ਇਸ ਮਾਮਲੇ ਦੀ ਜਾਂਚ ਕਾਫੀ ਮੁਸ਼ਕਲ ਹੋਣ ਵਾਲੀ ਹੈ ਕਿਉਂਕਿ ਫਿਲਹਾਲ ਬ੍ਰਿਟੇਨ 'ਚ ਵਰਚੂਅਲ ਰੇਪ ਨੂੰ ਲੈ ਕੇ ਕੋਈ ਕਾਨੂੰਨ ਨਹੀਂ ਹੈ।

ਫੇਸਬੁਕ ਦੀ ਮੂਲ ਕੰਪਨੀ ਨੇ 2021 ਵਿੱਚ ਨਾਮਕ ਇੱਕ ਵਰਚੁਅਲ ਰਿਐਲਿਟੀ ਸਪੇਸ ਬਣਾਇਆ ਹੈ। ਇਸ 'ਤੇ ਯੂਜ਼ਰਸ ਦਾ ਅਵਤਾਰ ਬਣਾਇਆ ਜਾਂਦਾ ਹੈ। ਖੇਡਾਂ ਖੇਡਣ ਦੇ ਨਾਲ-ਨਾਲ ਲੋਕ ਦੂਜਿਆਂ ਦੇ ਅਵਤਾਰਾਂ ਨੂੰ ਵੀ ਮਿਲ ਸਕਦੇ ਹਨ। ਹੋਰਾਈਜ਼ਨ ਵਰਲਡਜ਼ ਵਿਚ ਵਰਚੁਅਲ ਪੱਧਰ 'ਤੇ ਹੁਣ ਤੱਕ ਜਿਨਸੀ ਅਪਰਾਧਾਂ ਨਾਲ ਜੁੜੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ।


REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation



214-7895 Tranmere Drive, Mississauga ON L5S 1V9



ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :



BROKEN SPRINGS
CABLES & ROLLERS
GARAGE DOOR OPENERS



We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification



Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਾਬਕਾ ਟੀਐੱਮਸੀ ਸਾਂਸਦ ਮਹੂਆ ਮੋਇਤਰਾ ’ਤੇ ਜਾਸੂਸੀ ਦਾ ਦੋਸ਼, ਐਡਵੋਕੇਟ ਜੈ ਅਨੰਤ ਦੇਹਦਰਾਈ ਨੇ ਸੀਬੀਆਈ ਨੂੰ ਕੀਤੀ ਸ਼ਿਕਾਇਤ

ਨਵੀਂ ਦਿੱਲੀ, 3 ਜਨਵਰੀ (ਪੋਸਟ ਬਿਊਰੋ): ਗੈਰਕਾਨੂੰਨੀ ਜਾਸੂਸੀ ਦੇ ਦੋਸ਼ ਵਿੱਚ ਸੰਸਦ ਵਿੱਚੋਂ ਕੱਢੇ ਗਏ ਟੀਐੱਮਸੀ ਦੀ ਸਾਬਕਾ ਸਾਂਸਦ ਮਹੂਆ ਮੋਇਤਰਾ ਖਿਲਾਫ਼ ਸੀਬੀਆਈ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ। ਐਡਵੋਕੇਟ ਜੈ ਅਨੰਤ ਦੇਹਦਰਾਈ ਨੇ ਦੋਸ਼ ਲਾਇਆ ਹੈ ਕਿ ਮਹੂਆ ਮੋਇਤਰਾ ਨੇ ਪੱਛਮੀ ਬੰਗਾਲ ਪੁਲਿਸ ਵਿੱਚ ਆਪਣੇ ਸੰਪਰਕਾਂ ਦੀ ਵਰਤੋਂ ਕਰਕੇ ਉਸ ਦੀ ਜਾਸੂਸੀ ਕਰਵਾਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ



ਸੀਬੀਆਈ ਡਾਇਰੈਕਟਰ ਪ੍ਰਵੀਨ ਸੂਦ ਨੂੰ ਲਿਖੀ ਸ਼ਿਕਾਇਤ ਵਿੱਚ ਅਨੰਤ ਦੇਹਦਰਾਈ ਨੇ ਕਿਹਾ ਹੈ ਕਿ ਸਾਬਕਾ ਟੀਐਮਸੀ ਸਾਂਸਦ ਮਹੂਆ ਮੋਇਤਰਾ ਫੋਨ ਰਾਹੀਂ ਉਨ੍ਹਾਂ ਦੇ ਟਿਕਾਣੇ ਬਾਰੇ ਜਾਣਕਾਰੀ ਲੈ ਰਿਹਾ ਸੀ। ਚਿੱਠੀ 'ਚ ਦੇਹਦਰਾਈ ਨੇ ਲਿਖਿਆ ਹੈ ਕਿ ਮਹੂਆ ਮੋਇਤਰਾ ਨੇ ਆਪਣੀ ਕਾਲ ਡਿਟੇਲ ਹਾਸਿਲ ਕਰਨ ਲਈ ਬੰਗਾਲ ਪੁਲਸ ਦੇ ਸੀਨੀਅਰ ਅਧਿਕਾਰੀਆਂ ਦੇ ਕਨੈਕਸ਼ਨਾਂ ਦੀ ਵਰਤੋਂ ਕੀਤੀ ਤਾਂ ਕਿ ਉਹ ਪਤਾ ਕਰ ਸਕੇ ਕਿ ਉਹ ਕਿਸ ਨੂੰ ਮਿਲ ਰਿਹਾ ਹੈ ਅਤੇ ਕਿਸ ਨਾਲ ਗੱਲ ਕਰ ਰਿਹਾ ਹੈ। ਦੇਹਦਰਾਈ ਨੇ ਆਪਣੀ ਸ਼ਿਕਾਇਤ 'ਚ ਲਿਖਿਆ ਹੈ, 'ਮਹੂਆ ਮੋਇਤਰਾ ਬੰਗਾਲ ਪੁਲਸ ਦੇ ਸੀਨੀਅਰ ਅਧਿਕਾਰੀਆਂ ਦੀ ਮਦਦ ਨਾਲ ਮੇਰੀ ਜਾਸੂਸੀ ਕਰਵਾ ਰਹੀ ਹੈ। ਮੈਨੂੰ ਸ਼ੱਕ ਹੈ ਕਿ ਮੇਰੇ ਫ਼ੋਨ ਨੰਬਰ ਰਾਹੀਂ ਮੇਰਾ ਟਿਕਾਣਾ ਟਰੈਕ ਕੀਤਾ ਜਾ ਰਿਹਾ ਹੈ। ਮਹੂਆ ਇਸ ਤੋਂ ਪਹਿਲਾਂ ਵੀ ਅਜਿਹਾ ਕਰ ਚੁੱਕੀ ਹੈ।

# ਖੰਨਾ ਵਿਚ ਨੈਸ਼ਨਲ ਹਾਈਵੇ ’ਤੇ ਤੇਲ ਨਾਲ ਭਰੇ ਟੈਂਕਰ ਨੂੰ ਲੱਗੀ ਅੱਗ



ਚੰਡੀਗੜ੍ਹ, 3 ਜਨਵਰੀ (ਪੋਸਟ ਬਿਊਰੋ): ਖੰਨਾ 'ਚ ਨੈਸ਼ਨਲ ਹਾਈਵੇ ‘ਤੇ ਸਥਿਤ ਬੱਸ ਸਟੈਂਡ ਦੇ ਸਾਹਮਣੇ ਪੁਲ ‘ਤੇ ਤੇਲ ਨਾਲ ਭਰੇ ਟੈਂਕਰ ਨੂੰ ਅੱਗ ਲੱਗ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਨੈਸ਼ਨਲ ਹਾਈਵੇ ਖੰਨਾ ਦੇ ਪੁਲ ‘ਤੇ ਤੇਲ ਦਾ ਭਰਿਆ ਟੈਂਕਰ ਪਲਟ ਗਿਆ, ਜਿਸ ਨਾਲ ਤੇਲ ਦੇ ਟੈਂਕਰ ਨੂੰ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਡਰਾਈਵਰ ਦਾ ਬਚਾਅ ਹੋ ਗਿਆ । ਟੈਂਕਰ ਪਲਟ ਜਾਣ ਕਰਕੇ ਡਰਾਈਵਰ ਦੇ ਸੱਟਾਂ ਲੱਗੀਆਂ ਜਿਸ ਨੂੰ ਸਿਵਲ ਹਸਪਤਾਲ ਦਾਖਲ ਕੀਤਾ ਗਿਆ। ਜਾਣਕਾਰੀ ਮੁਤਾਬਕ ਤੇਲ ਦਾ ਭਰਿਆ ਇਕ ਟੈਂਕਰ ਲੁਧਿਆਣਾ ਤੋਂ ਮੰਡੀ ਗੋਬਿੰਦਗੜ੍ਹ ਵੱਲ ਨੂੰ ਜਾ ਰਿਹਾ ਸੀ। ਜਦੋਂ ਖੰਨਾ ਵਿਖੇ ਬੱਸ ਅੱਡੇ ਦੇ ਸਾਹਮਣੇ ਪੁਲ਼ ‘ਤੇ ਪਹੁੰਚਿਆ ਤਾਂ ਟੈਂਕਰ ਦਾ ਟਾਇਰ ਅਚਾਨਕ ਫੱਟ ਗਿਆ ਜਿਸ ਕਰਕੇ ਟੈਂਕਰ ਪੁਲ਼ ’ਤੇ ਹੀ ਪਲਟ ਗਿਆ। ਮੌਕੇ ’ਤੇ ਪੁਲਿਸ ਅਧਿਕਾਰੀਆਂ ਨੇ ਪਹੁੰਚ ਕੇ ਰੋਡ ਦੇ ਦੋਵੇਂ ਪਾਸੇ ਟ੍ਰੈਫਿਕ ਬੰਦ ਕਰਵਾਈ ਅਤੇ ਅੱਗ ਬੁਝਾਊ ਅਮਲੇ ਨੂੰ ਬੁਲਾ ਕੇ ਅੱਗ ਉੱਤੇ ਕਾਬੂ ਪਾਉਣ ਦਾ ਯਤਨ ਕੀਤਾ ਜਾ ਰਿਹਾ। ਇਸ ਹਾਦਸੇ ਵਿੱਚ ਜਾਨੀ ਨੁਕਸਾਨ ਦੀ ਅਜੇ ਤੱਕ ਕੋਈ ਖ਼ਬਰ ਸਾਹਮਣੇ ਨਹੀਂ ਆਈ ਹੈ।

# ਕੁਲੈਕਟਰ ਨੇ ਪੁੱਛੀ ਸੀ ਟਰੱਕ ਡਰਾਈਵਰ ਦੀ ਔਕਾਤ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਅਹੁਦੇ ਤੋਂ ਹਟਾਇਆ



ਸ਼ਾਜਾਪੁਰ, 3 ਜਨਵਰੀ (ਪੋਸਟ ਬਿਊਰੋ): ਹਿੱਟ ਐਂਡ ਰਨ ਕਾਨੂੰਨ ਦੇ ਵਿਰੋਧ 'ਚ ਮੰਗਲਵਾਰ ਨੂੰ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਟਰਾਂਸਪੋਰਟਰਾਂ ਵਲੋਂ ਵੱਡੀ ਹੜਤਾਲ ਕੀਤੀ ਗਈ। ਸਰਕਾਰ ਨੇ ਟਰਾਂਸਪੋਰਟਰਾਂ ਨਾਲ ਸ਼ਾਂਤੀ ਬਣਾਈ ਹੈ ਅਤੇ ਉਨ੍ਹਾਂ ਨੂੰ ਕੰਮ 'ਤੇ ਪਰਤਣ ਦੀ ਅਪੀਲ ਕੀਤੀ ਹੈ। ਹਾਲਾਂਕਿ ਮੱਧ ਪ੍ਰਦੇਸ਼ ਦੇ ਸ਼ਾਜਾਪੁਰ 'ਚ ਟਰੱਕ ਡਰਾਈਵਰਾਂ ਨਾਲ ਗੱਲ ਕਰਦੇ ਹੋਏ ਕੁਲੈਕਟਰ ਇੰਨੇ ਨਾਰਾਜ਼ ਹੋ ਗਏ ਕਿ ਉਨ੍ਹਾਂ ਨੇ ਡਰਾਈਵਰਾਂ ਨਾਲ ਉਨ੍ਹਾਂ ਦੀ ਸਥਿਤੀ ਬਾਰੇ ਗੱਲ ਕੀਤੀ। ਇਸ ਘਟਨਾ ਦਾ ਵੀਡੀਓ ਵਾਇਰਲ ਹੋ ਗਿਆ, ਜਿਸ ਤੋਂ ਬਾਅਦ ਕੁਲੈਕਟਰ ਦੀ ਕਾਫੀ ਆਲੋਚਨਾ ਹੋ ਰਹੀ ਹੈ। ਹੁਣ ਮੱਧ ਪ੍ਰਦੇਸ਼ ਦੇ ਸੀਐਮ ਮੋਹਨ ਯਾਦਵ ਨੇ ਵੀ ਸ਼ਾਜਾਪੁਰ ਕਲੈਕਟਰ 'ਤੇ ਸਖ਼ਤ ਕਾਰਵਾਈ ਕੀਤੀ ਹੈ।

ਸ਼ਾਜਾਪੁਰ 'ਚ ਟਰੱਕ ਚਾਲਕ ਦੀ ਔਕਾਤ ਪੁੱਛਣ ਦੀ ਘਟਨਾ ਸਾਹਮਣੇ ਆਉਣ ਤੋਂ ਬਾਅਦ ਸੂਬਾ ਸਰਕਾਰ ਨੇ ਇਸ ਮਾਮਲੇ 'ਚ ਵੱਡੀ ਕਾਰਵਾਈ ਕੀਤੀ ਹੈ। ਮੁੱਖ ਮੰਤਰੀ ਡਾਕਟਰ ਮੋਹਨ ਯਾਦਵ ਨੇ ਸ਼ਾਜਾਪੁਰ ਕਲੈਕਟਰ ਕਿਸ਼ੋਰ ਕਨਿਆਲ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਸੀਐਮ ਮੋਹਨ ਯਾਦਵ ਨੇ ਕਿਹਾ ਹੈ ਕਿ ਇਹ ਸਰਕਾਰ ਗਰੀਬਾਂ ਦੀ ਸਰਕਾਰ ਹੈ, ਹਰ ਕਿਸੇ ਦੇ ਕੰਮ ਦਾ ਸਨਮਾਨ ਹੋਣਾ ਚਾਹੀਦਾ ਹੈ ਅਤੇ ਭਾਵਨਾਵਾਂ ਦਾ ਵੀ ਸਨਮਾਨ ਹੋਣਾ ਚਾਹੀਦਾ ਹੈ। ਕਿਸ਼ੋਰ ਕਨਿਆਲ ਨੂੰ ਮੱਧ ਪ੍ਰਦੇਸ਼ ਸਰਕਾਰ ਦਾ ਡਿਪਟੀ ਸੈਕਟਰੀ ਬਣਾਇਆ ਗਿਆ ਹੈ, ਜਦਕਿ ਰਿਤੂ ਬਾਫਨਾ ਨੂੰ ਸ਼ਾਜਾਪੁਰ ਕਲੈਕਟਰ ਬਣਾਇਆ ਗਿਆ ਹੈ।

ਸ਼ਾਜਾਪੁਰ ਕਲੈਕਟਰ ਦੇ ਵੀਡੀਓ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮੁੱਖ ਮੰਤਰੀ ਮੋਹਨ ਯਾਦਵ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਅਸੀਂ ਗਰੀਬਾਂ ਦੀ ਭਲਾਈ ਲਈ ਕੰਮ ਕਰ ਰਹੇ ਹਾਂ। ਅਸੀਂ ਲਗਾਤਾਰ ਗਰੀਬਾਂ ਦੀ ਸੇਵਾ ਕਰ ਰਹੇ ਹਾਂ। ਇੱਕ ਇਨਸਾਨ ਹੋਣ ਦੇ ਨਾਤੇ ਸਾਡੀ ਸਰਕਾਰ ਵਿੱਚ ਅਜਿਹੀ ਭਾਸ਼ਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਮੈਂ ਖੁਦ ਇੱਕ ਮਜ਼ਦੂਰ ਪਰਿਵਾਰ ਦਾ ਪੁੱਤਰ ਹਾਂ। ਅਜਿਹੀ ਭਾਸ਼ਾ ਬੋਲਣਾ ਉਚਿਤ ਨਹੀਂ ਹੈ।

# 'ਹਿੱਟ ਐਂਡ ਰਨ' ਕਾਨੂੰਨ ਮਾਮਲੇ 'ਚ ਪ੍ਰਿਅੰਕਾ ਗਾਂਧੀ ਨੇ ਕਿਹਾ: 'ਤੁਗਲਕੀ ਕਾਨੂੰਨ' ਬਣਾਉਣ ਦਾ ਕੰਮ ਬੰਦ ਹੋਵੇ



ਨਵੀਂ ਦਿੱਲੀ, 3 ਜਨਵਰੀ (ਪੋਸਟ ਬਿਊਰੋ): ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ 'ਹਿੱਟ ਐਂਡ ਰਨ' ਕਾਨੂੰਨ 'ਚ ਨਵੀਂ ਸਜ਼ਾ ਦੀ ਵਿਵਸਥਾ ਨੂੰ ਲੈ ਕੇ ਸਰਕਾਰ 'ਤੇ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਸਲਾਹ-ਮਸ਼ਵਰੇ ਤੋਂ ‘ਤੁਗਲਕੀ ਕਾਨੂੰਨ’ ਬਣਾਉਣ ਦਾ ਕੰਮ ਬੰਦ ਕੀਤਾ ਜਾਣਾ ਚਾਹੀਦਾ ਹੈ। ਟਰੱਕ ਡਰਾਈਵਰ 'ਹਿੱਟ ਐਂਡ ਰਨ' (ਕਿਸੇ ਨੂੰ ਵਾਹਨ ਨਾਲ ਟੱਕਰ ਮਾਰ ਕੇ ਭੱਜਣ) ਨੂੰ ਲੈ ਕੇ ਹੜਤਾਲ 'ਤੇ ਚਲੇ ਗਏ ਸਨ।

ਕਈ ਰਾਜਾਂ ਵਿੱਚ ਟਰੱਕ ਡਰਾਈਵਰਾਂ ਦੇ ਵੱਡੇ ਵਿਰੋਧ ਪ੍ਰਦਰਸ਼ਨ ਦੇ ਮੱਦੇਨਜ਼ਰ, ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨੇ ਮੰਗਲਵਾਰ ਨੂੰ ਕਿਹਾ ਕਿ 'ਹਿੱਟ ਐਂਡ ਰਨ' ਨਾਲ ਸਬੰਧਤ ਜੁਰਮਾਨੇ ਦੀਆਂ ਵਿਵਸਥਾਵਾਂ ਆਲ ਇੰਡੀਆ ਮੋਟਰ ਟ੍ਰਾਂਸਪੋਰਟ ਕਾਂਗਰਸ (ਏਆਈਐਮਟੀਸੀ) ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਲਾਗੂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਟਿੱਪਣੀ ਏਆਈਐਮਟੀਸੀ ਦੇ ਨੁਮਾਇੰਦਿਆਂ ਨਾਲ ਮੀਟਿੰਗ ਤੋਂ ਬਾਅਦ ਕੀਤੀ।

ਪ੍ਰਿਅੰਕਾ ਗਾਂਧੀ ਵਾਡਰਾ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ, "ਡਰਾਈਵਰ ਸਾਡੀ ਆਰਥਿਕਤਾ ਅਤੇ ਤਰੱਕੀ ਦੇ ਪਹੀਏ ਹਨ। ਉਹ ਸਖ਼ਤ ਜੀਵਨ ਸ਼ੈਲੀ ਦੇ ਨਾਲ ਕੰਮ ਕਰਦੇ ਹਨ, ਬਹੁਤ ਘੱਟ ਪੈਸੇ 'ਤੇ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ। ਕਾਨੂੰਨ ਅਤੇ ਪ੍ਰਣਾਲੀ ਨੂੰ ਉਨ੍ਹਾਂ ਪ੍ਰਤੀ ਮਾਨ-ਵਤਾ ਵਾਲਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਜੀਵਨ ਕੀਮਤੀ ਹੈ। ਸਾਰਿਆਂ ਦੀ ਸੁਰੱਖਿਆ ਕਰਨਾ ਸਰਕਾਰ ਦਾ ਫਰਜ਼ ਹੈ। ਕਾਨੂੰਨ ਦਾ ਉਦੇਸ਼ ਆਮ ਆਦਮੀ ਦੀ ਜ਼ਿੰਦਗੀ ਨੂੰ ਆਸਾਨ, ਸੁਰੱਖਿਅਤ ਅਤੇ ਨਿਰਪੱਖ ਬਣਾਉਣਾ ਹੈ ਅਤੇ ਲੱਖਾਂ ਲੋਕਾਂ ਨੂੰ ਜ਼ੁਲਮ, ਅੱਤਿਆਚਾਰ, ਕੈਦ ਅਤੇ ਵਿੱਤੀ ਦੀਵਾਲੀਆਪਨ ਵੱਲ ਧੱਕਣਾ ਨਹੀਂ ਹੈ।







## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡਿਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












ਵਿਸ਼ਵ ਦੇ ਮਹਾਨ ਖਿਡਾਰੀ

# ਭਾਰਤੀ ਹਾਕੀ ਟੀਮਾਂ ਦਾ ਕਪਤਾਨ ਅਜੀਤਪਾਲ ਸਿੰਘ

–ਸਰਵਣ ਸਿੰਘ–

ਅਜੀਤਪਾਲ ਸਿੰਘ ਦਾ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕਰਨ ਦਾ ਰਿਕਾਰਡ ਹੈ। ਉਹ ਵਾਰ ਵਾਰ ਹਾਕੀ ਟੀਮਾਂ ਦਾ ਕੈਪਟਨ ਬਣਿਆ। ਏਸ਼ਿਆਈ ਖੇਡਾਂ ਵਿਚ ਵੀ, ਵਿਸ਼ਵ ਹਾਕੀ ਕੱਪਾਂ ਤੇ ਓਲੰਪਿਕ ਖੇਡਾਂ ਵਿਚ ਵੀ। ਉਹ ਹਾਕੀ ਦਾ ਹਰਫਨਮੌਲਾ ਖਿਡਾਰੀ ਸੀ। ਭਾਰਤ ਨੇ 1971 ਤੋਂ ਸ਼ੁਰੂ ਹੋਇਆ ਵਿਸ਼ਵ ਹਾਕੀ ਕੱਪ ਇੱਕੋ ਵਾਰ ਜਿੱਤਿਆ, ਉਹ ਵੀ ਉਹਦੀ ਕਪਤਾਨੀ ਵਿਚ। ਜਿੰਨੀ ਵਾਰ ਉਹ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ, ਸ਼ਾਇਦ ਹੀ ਕੋਈ ਹੋਰ ਖਿਡਾਰੀ ਕਿਸੇ ਦੇਸ਼ ਦੀਆਂ ਹਾਕੀ ਟੀਮਾਂ ਦਾ ਕਪਤਾਨ ਬਣਿਆ ਹੋਵੇ। ਤਦੇ ਉਹਦੇ ਬਾਰੇ ਲਿਖੇ ਆਪਣੇ ਪਹਿਲੇ ਸ਼ਬਦ ਚਿੱਤਰ ਦਾ ਨਾਂ ਮੈਂ 'ਦਲਾਂ ਦਾ ਮੋਹਰੀ' ਰੱਖਿਆ ਸੀ। ਦਲਾਂ ਦਾ ਮੋਹਰੀ ਨੂੰ ਹਾਕੀ ਦੇ ਪ੍ਰਸਿੱਧ ਟੂਰਨਾਮੈਂਟਾਂ, ਵਿਦੇਸ਼ੀ ਟੂਰਾਂ ਤੇ ਅੰਤਰਰਾਸ਼ਟਰੀ ਮੈਚਾਂ ਵਿਚ ਤਾਂ ਕਪਤਾਨ ਬਣਾਉਣਾ ਹੀ ਪੈਣਾ ਸੀ, ਉਹਨੀਂ ਦਿਨੀਂ ਜੇ ਵਰਲਡ ਇਲੈਵਨ ਬਣਾਈ ਜਾਂਦੀ ਤਾਂ ਉਸ ਦਾ ਕਪਤਾਨ ਵੀ ਅਜੀਤਪਾਲ ਸਿੰਘ ਨੂੰ ਹੀ ਬਣਾਉਣਾ ਪੈਂਦਾ!

ਉਸ ਨੇ ਓਲੰਪਿਕ ਖੇਡਾਂ 'ਚੋਂ ਦੋ ਮੈਡਲ, ਵਿਸ਼ਵ ਹਾਕੀ ਕੱਪਾਂ 'ਚੋਂ ਤਿੰਨ ਮੈਡਲ ਤੇ ਏਸ਼ਿਆਈ ਖੇਡਾਂ 'ਚੋਂ ਦੋ ਮੈਡਲ ਜਿੱਤੇ। ਕੌਮੀ ਪੱਧਰ 'ਤੇ ਦਰਜਨਾਂ ਕੱਪ ਤੇ ਟਰਾਫੀਆਂ ਜਿੱਤੀਆਂ। ਸਕੂਲਾਂ/ਕਾਲਜਾਂ ਤੇ ਯੂਨੀਵਰਸਿਟੀਆਂ ਦੇ ਕੱਪਾਂ ਟਰਾਫੀਆਂ ਤੋਂ ਲੈ ਕੇ ਭਾਰਤ ਸਰਕਾਰ ਦੇ ਅਰਜਨਾ ਅਵਾਰਡ ਅਤੇ ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਉਸ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ 2022 'ਚ ਸਪੋਰਟਸ ਸਟਾਰ ਏਸਸ ਅਵਾਰਡ ਦਿੱਤਾ ਗਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਓਲੰਪਿਕ ਖੇਡਾਂ ਵਿਚ ਭਾਰਤ ਦਾ ਚੀਫ ਡੀ ਮਿਸ਼ਨ ਬਣਾਇਆ ਗਿਆ। ਪਰ ਮੌਕੇ 'ਤੇ ਬਿਮਾਰ ਹੋ ਜਾਣ ਕਰਕੇ ਉਹ ਲੰਡਨ ਦੀਆਂ ਓਲੰਪਿਕ ਖੇਡਾਂ ਸਮੇਂ ਭਾਰਤੀ ਦਲ ਦੀ ਅਗਵਾਈ ਨਾ ਕਰ ਸਕਿਆ।



ਉਸ ਤੋਂ ਪਹਿਲਾਂ ਖਿਡਾਰੀ ਨਹੀਂ ਬਲਕਿ ਸਿਆਸੀ ਨੇਤਾ, ਸਰਕਾਰੀ ਅਫਸਰ ਤੇ ਖੇਡ ਅਧਿਕਾਰੀ ਹੀ ਚੀਫ ਡੀ ਮਿਸ਼ਨ ਬਣਾਏ ਜਾਂਦੇ ਸਨ।

ਮੈਂ ਅਜੀਤਪਾਲ ਨੂੰ ਖੁਦ ਹਾਕੀ ਖੇਡਦਾ ਤੇ ਕੋਚਿੰਗ ਕੈਂਪਾਂ 'ਚ ਕੋਚਿੰਗ ਲੈਂਦੇ ਵੇਖਿਆ। ਉਸ ਨੂੰ ਮਿਲਦਾ ਗਿਲਦਾ ਵੀ ਰਿਹਾ। ਕਦੇ ਜਲੰਧਰ, ਕਦੇ ਦਿੱਲੀ ਤੇ ਕਦੇ ਪਟਿਆਲੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਵਿਚ। ਉਹ ਸੋਹਣਾ ਸੁਨੱਖਾ, ਬਣਦਾ ਤਣਦਾ ਤੇ ਸਾਊ ਖਿਡਾਰੀ ਸੀ। ਖੇਡ ਮੈਦਾਨ 'ਚ ਖੜ੍ਹਾ ਜਚਦਾ ਸੀ। ਉਹਦਾ ਜਨਮ ਹਾਕੀ ਦਾ ਘਰ ਕਹੇ ਜਾਂਦੇ ਪਿੰਡ ਸੰਸਾਰਪੁਰ ਵਿਚ 1 ਅਪ੍ਰੈਲ 1947 ਨੂੰ ਸਾਧੂ ਸਿੰਘ ਕੁਲਾਰ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਹੋਇਆ ਸੀ। ਸੰਸਾਰਪੁਰ ਜਲੰਧਰ ਛਾਉਣੀ ਨਾਲ ਲੱਗਦਾ ਛੋਟਾ ਜਿਹਾ ਪਿੰਡ ਹੈ ਜਿਸ ਨੇ ਹਾਕੀ ਦੇ 14 ਓਲੰਪੀਅਨਾਂ ਨੂੰ ਜਨਮ ਦਿਤਾ। ਉਸ ਪਿੰਡ ਬਾਰੇ ਲਤੀਫ਼ਾ ਜੁੜ ਗਿਆ ਸੀ ਕਿ ਉਥੇ ਬੱਚਾ ਜੰਮਦਾ ਹੀ ਤਦ ਸੀ ਜੇ ਉਸ ਨੂੰ ਹਾਕੀ ਫੜਾਈ ਜਾਂਦੀ! ਜਦ ਕਿ ਸਚਾਈ ਇਹ ਸੀ ਕਿ ਹਾਕੀ ਕੁਝ ਦਿਨ ਜੱਚਾ ਬੱਚਾ ਦੇ ਸਿਰ੍ਹਾਣੇ ਰੱਖੀ ਜਾਂਦੀ।

ਸੰਸਾਰਪੁਰ ਦੇ ਜੰਮਪਲ ਡਾ. ਪੋਪਿੰਦਰ ਸਿੰਘ ਕੁਲਾਰ ਨੇ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਲਿਖੀ ਹੈ ਜਿਸ ਦੀਆਂ ਕੁਝ ਸਤਰਾਂ ਹਨ: ਸੰਸਾਰਪੁਰ ਹਾਕੀ ਦਾ ਮੱਕਾ ਹੈ। ਹਾਕੀ ਦਾ ਬਾਗ ਬਗੀਚਾ। ਇਸ ਦੀ ਮਿੱਟੀ ਵਿਚੋਂ ਖਿਡਾਰੀਆਂ ਦੀ ਮਹਿਕ ਆਉਂਦੀ ਹੈ ਜਿਸ ਨੇ ਹੀਰਿਆਂ ਵਰਗੇ ਖਿਡਾਰੀ ਪੈਦਾ ਕੀਤੇ। ਸੰਸਾਰਪੁਰ ਦੇ ਜ਼ਿਆਦਾਤਰ ਹਾਕੀ ਖਿਡਾਰੀ ਇਕੋ ਗਲੀ ਦੇ ਜੰਮਪਲ ਹਨ ਜਿਨ੍ਹਾਂ ਦੇ ਜੱਦੀ ਘਰ 100 ਕੁ ਗਜ਼ ਦੇ ਘੇਰੇ ਵਿਚ ਪੈਂਦੇ ਹਨ। ਭਾਰਤ ਦੇ ਪੁਰਾਤਤਵ ਵਿਭਾਗ ਨੂੰ ਇਹ ਗਲ਼ੀ 'ਵਿਰਾਸਤੀ ਗਲ਼ੀ' ਵਜੋਂ ਸੰਭਾਲਣੀ ਚਾਹੀਦੀ ਹੈ। ਪਿੰਡ ਦਾ ਗਰਾਊਂਡ ਵੀ ਹਾਕੀ ਦਾ ਵਿਰਾਸਤੀ ਖੇਡ ਮੈਦਾਨ ਹੈ ਜਿਥੇ ਸੈਂਕੜੇ ਖਿਡਾਰੀਆਂ ਨੇ ਹਾਕੀ ਖੇਡਣੀ ਸਿੱਖੀ ਤੇ ਦੇਸ਼ ਵਿਦੇਸ਼ ਦੀਆਂ ਹਾਕੀ ਟੀਮਾਂ ਵਿਚ ਖੇਡੇ।

ਅਜੀਤਪਾਲ ਦਾ ਨਿੱਕਾ ਨਾਂ 'ਛਿੰਦਾ' ਸੀ। ਉਹ ਅਜੇ ਸੱਤ ਅੱਠ ਸਾਲ ਦਾ ਸੀ ਜਦੋਂ ਉਸ ਦੇ ਚਾਚੇ ਨੇ ਹਾਕੀ ਸਟਿਕ ਦਾ ਤੋਹਫ਼ਾ ਦਿਤਾ। ਉਸ ਨੇ ਸਕੂਲੀ ਪੜ੍ਹਾਈ ਬੋਰਡ ਹਾਇਰ ਸੈਕੰਡਰੀ ਸਕੂਲ ਜਲੰਧਰ ਛਾਉਣੀ ਤੋਂ ਕੀਤੀ ਤੇ ਕਾਲਜ ਦੀ ਪੜ੍ਹਾਈ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ। 1963 ਵਿਚ ਉਹ ਪੰਜਾਬ ਸਕੂਲਾਂ ਦੀ ਹਾਕੀ ਟੀਮ 'ਚ ਚੁਣਿਆ ਗਿਆ। ਉਦੋਂ ਉਹ ਫੁੱਲ ਬੈਕ ਖੇਡਦਾ ਸੀ। 1964 ਤੋਂ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਟੀਮ ਵਿਚ ਖੇਡਣ ਲੱਗਾ ਜਿਸ ਨੇ ਤਿੰਨ ਸਾਲ ਪੰਜਾਬ ਯੂਨੀਵਰਸਿਟੀ ਦੀ ਹਾਕੀ ਚੈਂਪੀਅਨਸ਼ਿਪ ਜਿੱਤੀ। ਇਸ ਦੌਰਾਨ ਉਹ ਫੁੱਲ ਬੈਕ ਤੋਂ ਸੈਂਟਰ ਹਾਫ਼ ਖੇਡਣ ਵਾਲਾ ਖਿਡਾਰੀ ਬਣ ਗਿਆ। 1966 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। 1966 ਤੋਂ ਉਹ ਪੰਜਾਬ ਰਾਜ ਦੀ ਟੀਮ ਵੱਲੋਂ ਖੇਡਣ ਲੱਗਾ। 1968 ਵਿਚ ਉਹ ਭਾਰਤੀ ਯੂਨੀਵਰਸਿਟੀਆਂ ਦੀ ਕੰਬਾਈਂਡ ਟੀਮ ਵੱਲੋਂ ਖੇਡਿਆ। ਹਾਕੀ ਦੇ ਸਿਰ 'ਤੇ ਬੀਐੱਸਐੱਫ ਦੇ ਖੇਡ ਕੋਟੇ ਵਿਚ ਭਰਤੀ ਹੋ ਗਿਆ ਤੇ ਅਸਿਸਟੈਂਟ ਕਮਾਂਡੈਂਟ ਵਜੋਂ ਰਿਟਾਇਰ ਹੋਇਆ ਤੇ ਦਿੱਲੀ ਦਾ ਵਸਨੀਕ ਬਣ ਗਿਆ। ਉਸ ਦਾ ਵਿਆਹ ਬਾਸਕਟਬਾਲ ਦੀ ਨੈਸ਼ਨਲ ਖਿਡਾਰਨ ਕਿਰਨ ਗਰੇਵਾਲ ਨਾਲ ਹੋਇਆ ਸੀ ਜਿਸ ਦੀ 2023 ਵਿਚ ਮ੍ਰਿਤੂ ਹੋ ਗਈ।




ਅਜੀਤਪਾਲ ਹਾਕੀ ਮੈਦਾਨ ਵਿਚ ਖੇਡਦਾ ਸਭਨਾਂ ਦਾ ਧਿਆਨ ਖਿੱਚਦਾ ਸੀ। ਉਹਦੇ ਜੁੱਸੇ ਵਿਚ ਲਚਕ ਤੇ ਛੋਹਲਾਪਣ ਸੀ। ਉਸ ਦਾ ਰੰਗ ਗੋਰਾ, ਜੂੜੇ ਤੇ ਰੁਮਾਲ, ਕੱਦ 5 ਫੁੱਟ 10 ਇੰਚ ਤੇ ਸਰੀਰਕ ਵਜ਼ਨ 73 ਕਿਲੋਗਰਾਮ ਸੀ। ਅਜੇ ਵੀ ਉਹਦੀ ਤੋਰ ਵਿਚ ਲਟਕ ਤੇ ਮਟਕ ਹੈ। ਉਹਦੇ ਕੋਲੋਂ ਗੇਂਦ ਕੱਢਣੀ ਬੜੀ ਮੁਸ਼ਕਲ ਹੁੰਦੀ ਸੀ। ਗੇਂਦ ਉਹਦੀ ਹਾਕੀ ਨਾਲ ਚਿਪਕ ਜਾਂਦੀ। ਪਤਾ ਉਦੋਂ ਲੱਗਦਾ ਜਦੋਂ ਅਛੋਪਲੇ ਜਿਹੇ ਉਹ ਬਾਲ ਆਪਣੇ ਫਾਰਵਰਡ ਖਿਡਾਰੀ ਕੋਲ ਅਜਿਹੀ ਥਾਂ ਪੁਚਾਉਂਦਾ ਜਿਥੋਂ ਉਹ ਸੌਖ ਨਾਲ ਹੀ ਗੋਲ ਕਰ ਸਕੇ।

1966 'ਚ 19 ਸਾਲ ਦੀ ਉਮਰੇ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ ਜਿਸ ਨੇ ਜਪਾਨ ਦਾ ਟੂਰ ਲਾਇਆ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਟੂਰਨਾਮੈਂਟ ਖੇਡਿਆ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ 'ਚ ਭਾਰਤੀ ਟੀਮ ਦਾ ਮੈਂਬਰ ਚੁਣਿਆ ਗਿਆ ਜਿਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਥੇ ਜਰਮਨੀ ਦੀ ਟੀਮ ਵਿਰੁੱਧ ਉਸ ਨੂੰ ਸੈਂਟਰ ਹਾਫ਼ ਖਿਡਾਇਆ ਤਾਂ ਟੀਮ ਦੀ ਕਾਰਗੁਜ਼ਾਰੀ ਹੋਰ ਵੀ ਬਿਹਤਰ ਰਹੀ। ਉਦੋਂ ਤੋਂ ਉਹਦੀ ਸੈਂਟਰ ਹਾਫ਼ ਪੁਜ਼ੀਸ਼ਨ ਹਮੇਸ਼ਾ ਲਈ ਪੱਕੀ ਹੋ ਗਈ। 1970 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚ ਉਸ ਨੇ ਖੇਡ ਦੇ ਹੋਰ ਵੀ ਚੰਗੇ ਜੌਹਰ ਵਿਖਾਏ ਤੇ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ।

1971 ਵਿਚ ਉਸ ਨੂੰ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸ ਟੀਮ ਨੇ ਸਿੰਘਾਪੁਰ ਦਾ ਪੈਸਟਾ ਸੁਆਂ ਇੰਟਰਨੈਸ਼ਨਲ ਹਾਕੀ ਟੂਰਨਮੈਂਟ ਜਿੱਤਿਆ। ਉਸੇ ਸਾਲ ਬਾਰਸੀਲੋਨਾ ਦੇ ਪਹਿਲੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ 'ਚ ਉਸ ਨੂੰ ਫਿਰ ਭਾਰਤੀ ਟੀਮ ਦੀ ਕਪਤਾਨੀ ਸੌਂਪੀ ਗਈ। ਉਦੋਂ ਉਹ 24ਵੇਂ ਸਾਲ ਵਿਚ ਸੀ। 1972 ਵਿਚ ਉਸ ਨੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਥੇ ਓਲੰਪਿਕ ਖੇਡਾਂ ਦਾ ਇਕ ਹੋਰ ਕਾਂਸੀ ਦਾ ਤਗ਼ਮਾ ਜਿੱਤਿਆ। 1973 ਵਿਚ ਉਹ ਵਿਸ਼ਵ ਹਾਕੀ ਕੱਪ ਖੇਡਣ ਐਮਸਟਰਡਮ ਗਿਆ ਜਿਥੇ ਭਾਰਤੀ ਟੀਮ ਦੂਜੇ ਸਥਾਨ 'ਤੇ ਰਹੀ। 1974 ਵਿਚ ਉਸ ਨੇ ਭਾਰਤੀ ਟੀਮ ਦਾ ਕਪਤਾਨ ਬਣ ਕੇ ਤਹਿਰਾਨ ਦੀਆਂ ਏਸ਼ਿਆਈ ਖੇਡਾ 'ਚ ਭਾਗ ਲਿਆ ਜਿਥੇ ਫਿਰ ਚਾਂਦੀ ਦਾ ਤਗ਼ਮਾ ਜਿੱਤਿਆ। ਉਥੇ ਆਲ ਸਟਾਰਜ਼ ਏਸ਼ੀਆ ਟੀਮ ਬਣਾਈ ਗਈ ਜੋ ਆਲ ਸਟਾਰਜ਼ ਯੂਰਪ ਵਿਰੁੱਧ ਮੈਚ ਖੇਡੀ। ਫਿਰ ਕਰਾਚੀ ਵਿਚ ਉਹ ਰੈਸਟ ਆਫ਼ ਵਰਲਡ ਟੀਮ ਵੱਲੋਂ ਪਾਕਿਸਤਾਨ ਵਿਰੁੱਧ ਖੇਡਿਆ ਤੇ ਪਾਕਿਸਤਾਨ ਵਿਚ ਆਪਣੀ ਖੇਡ ਦਾ ਸਿੱਕਾ ਜਮਾਇਆ।

ਉਤੋਂ 1975 ਦਾ ਵਿਸ਼ਵ ਹਾਕੀ ਕੱਪ ਆ ਰਿਹਾ ਸੀ। ਉਸ ਸਮੇਂ ਭਾਰਤੀ ਹਾਕੀ ਟੀਮ ਦੀ ਹਾਲਤ ਪਤਲੀ ਸੀ। ਉਸ ਪਾਸ ਨਾ ਏਸ਼ਿਆਈ ਖੇਡਾਂ ਦੀ ਹਾਕੀ ਦਾ ਗੋਲਡ ਮੈਡਲ ਸੀ, ਨਾ ਵਿਸ਼ਵ ਹਾਕੀ ਟਰਾਫੀ, ਨਾ ਓਲੰਪਿਕ ਖੇਡਾਂ ਦਾ ਸਿਲਵਰ ਜਾਂ ਗੋਲਡ ਮੈਡਲ ਤੇ ਨਾ ਵਿਸ਼ਵ ਹਾਕੀ ਕੱਪ ਸੀ। ਉਸ ਹਾਲਤ ਵਿਚ ਪੰਜਾਬ ਸਰਕਾਰ ਨੇ ਭਾਰਤੀ ਹਾਕੀ ਟੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਆਪ ਚੁੱਕ ਲਈ। ਪੰਜਾਬ ਦੇ ਸਪੋਰਟਸ ਡਾਇਰੈਕਟਰ ਬਲਬੀਰ ਸਿੰਘ ਦੀ ਅਗਵਾਈ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਭਾਰਤੀ ਟੀਮ ਦਾ ਕੋਚਿੰਗ ਕੈਂਪ ਲਾਇਆ ਗਿਆ।

ਅਸ਼ੋਕ ਦੀਵਾਨ, ਲੈਸਲੀ ਫਰਨਾਂਡਿਸ, ਮਾਈਕਲ ਕਿੰਡੋ, ਸੁਰਜੀਤ ਸਿੰਘ, ਅਸਲਮ ਸ਼ੇਰ ਖਾਂ, ਵਰਿੰਦਰ ਸਿੰਘ, ਅਜੀਤਪਾਲ ਸਿੰਘ, ਮੁਹਿੰਦਰ ਸਿੰਘ, ਓਂਕਾਰ ਸਿੰਘ, ਵੀ. ਜੇ. ਫਿਲਿਪਸ, ਬੀ. ਪੀ. ਗੋਵਿੰਦਾ, ਆਰ. ਜੇ. ਐੱਸ. ਚਿਮਨੀ, ਐੱਸ. ਆਰ. ਪਵਾਰ, ਹਰਚਰਨ ਸਿੰਘ, ਅਸ਼ੋਕ ਕੁਮਾਰ ਸਿੰਘ ਤੇ ਪੀ. ਈ. ਕੈਲ੍ਹੋ ਭਾਰਤੀ ਟੀਮ 'ਚ ਚੁਣੇ ਗਏ। ਉਨ੍ਹਾਂ ਖਿਡਾਰੀਆਂ ਦੀ ਉਮਰ 20 ਤੋਂ 29 ਸਾਲ ਵਿਚਕਾਰ ਸੀ ਜਿਨ੍ਹਾਂ ਦੀ ਔਸਤ ਉਮਰ 24 ਸਾਲ ਬਣਦੀ ਸੀ। ਦੇਸ਼ ਦੀਆਂ ਵਧੀਆ ਹਾਕੀ ਟੀਮਾਂ ਨੂੰ ਕੈਂਪ ਦੌਰਾਨ ਚੰਡੀਗੜ੍ਹ ਸੱਦਿਆ ਜਾਂਦਾ ਤੇ ਕੁਝ ਇਕਨਾਂ ਨੂੰ ਹਫ਼ਤਾ ਹਫ਼ਤਾ ਠਹਿਰਾਇਆ ਵੀ ਜਾਂਦਾ। ਉਨ੍ਹਾਂ ਨਾਲ ਮੈਚ ਖੇਡੇ ਜਾਂਦੇ। ਭਾਰਤੀ ਟੀਮ ਦੇ ਕਾਰਪਸ ਆਫ਼ ਸਿਗਨਲਜ਼, ਈਸਟਰਨ ਕਮਾਂਡ, ਪੰਜਾਬ ਪੁਲਿਸ, ਬਾਰਡਰ ਸਕਿਉਰਿਟੀ ਫੋਰਸ, ਇੰਡੀਅਨ ਏਅਰ ਫੋਰਸ, ਕੰਬਾਈਂਡ ਯੂਨੀਵਰਸਿਟੀਜ਼ ਪੰਜਾਬ ਤੇ ਹਰਿਆਣਾ ਰਾਜ ਬਿਜਲੀ ਬੋਰਡ ਦੀਆਂ ਟੀਮਾਂ ਨਾਲ ਮੈਚ ਹੁੰਦੇ। ਕੈਂਪ ਦੌਰਾਨ ਅਜਿਹੇ 35 ਮੈਚ ਖੇਡੇ ਗਏ।

## ਤੀਜਾ ਵਰਲਡ ਹਾਕੀ ਕੱਪ ਕੁਆਲਾਲੰਪੁਰ

1975 ਦਾ ਤੀਜਾ ਵਰਲਡ ਹਾਕੀ ਕੱਪ ਕੁਆਲਾਲੰਪੁਰ ਹੋਣਾ ਸੀ। ਉਹਦੇ ਲਈ 12 ਟੀਮਾਂ ਮੈਦਾਨ ਵਿਚ ਸਨ। ਪੂਲ ਏ ਵਿਚ ਪਾਕਿਸਤਾਨ, ਮਲੇਸ਼ੀਆ, ਨਿਊਜ਼ੀਲੈਂਡ, ਹਾਲੈਂਡ, ਸਪੇਨ ਤੇ ਪੋਲੈਂਡ ਦੀਆਂ ਟੀਮਾਂ ਸਨ। ਪੂਲ ਬੀ ਵਿਚ ਭਾਰਤ, ਜਰਮਨੀ, ਅਰਜਨਟੀਨਾ, ਇੰਗਲੈਂਡ, ਆਸਟ੍ਰੇਲੀਆ ਤੇ ਘਾਨਾ ਦੀਆਂ ਟੀਮਾਂ ਨੇ ਖੇਡਣਾ ਸੀ। ਪੂਲ ਮੈਚਾਂ ਵਿਚ ਪਾਕਿਸਤਾਨ ਦੀ ਟੀਮ ਪੋਲੈਂਡ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਬਰਾਬਰ ਖੇਡ ਕੇ ਤੇ ਬਾਕੀ ਤਿੰਨ ਟੀਮਾਂ ਨੂੰ ਜਿੱਤ ਕੇ ਚੋਟੀ ਉਤੇ ਰਹੀ। ਭਾਰਤੀ ਟੀਮ ਤਿੰਨ ਟੀਮਾਂ ਨੂੰ ਹਰਾ ਕੇ, ਅਰਜਨਟੀਨਾ ਤੋਂ ਹਾਰ ਕੇ ਤੇ ਆਸਟ੍ਰੇਲੀਆ ਨਾਲ ਮੈਚ ਬਰਾਬਰ ਖੇਡ ਕੇ ਅੱਵਲ ਆਈ। ਏ ਪੂਲ 'ਚੋਂ ਪਾਕਿਸਤਾਨ ਤੇ ਮਲੇਸ਼ੀਆ ਅਤੇ ਬੀ ਪੂਲ 'ਚੋਂ ਭਾਰਤ ਤੇ ਜਰਮਨੀ ਦੀਆਂ ਟੀਮਾਂ ਸੈਮੀ ਫਾਈਨਲ ਖੇਡੀਆਂ।

ਕੁਆਲਾ ਲੰਪੁਰ ਵਿਚ ਜਿਵੇਂ-ਜਿਵੇਂ ਟੂਰਨਾਮੈਂਟ ਅੱਗੇ ਵਧ ਰਿਹਾ ਸੀ ਰੱਬ ਅੱਗੇ ਅਰਜੋਈਆਂ ਵੀ ਵਧ ਰਹੀਆਂ ਸਨ। ਇਹ ਮਨੋਵਿਗਿਆਨਕ ਟੇਕ ਸੀ। ਟੀਮ ਨਾਲ ਗਿਆ ਡਾ. ਰਾਜਿੰਦਰ ਕਾਲੜਾ ਮਨੋਵਿਗਿਆਨੀ ਵੀ ਸੀ। ਉਹ ਖਿਡਾਰੀਆਂ ਦੀ ਸਰੀਰਕ ਤੇ ਮਾਨਸਿਕ ਸਿਹਤ ਦਾ ਧਿਆਨ ਰੱਖ ਰਿਹਾ ਸੀ। ਲੋੜ ਪੈਣ 'ਤੇ ਵਹਿਮਾਂ ਭਰਮਾਂ ਦਾ ਇਲਾਜ ਵੀ ਕਰੀ ਜਾਂਦਾ। ਫੁੱਲ ਬੈਕ ਸੁਰਜੀਤ ਸਿੰਘ ਨੂੰ ਵਹਿਮ ਹੋ ਗਿਆ ਕਿ ਉਸ ਦੀ ਜਰਸੀ ਦਾ ਨੰਬਰ 4 ਉਸ ਲਈ ਮਨਹੂਸ ਹੈ। ਜਦੋਂ ਇਹ 'ਬਿਮਾਰੀ' ਡਾ. ਕਾਲੜੇ ਦੇ ਧਿਆਨ ਵਿਚ ਲਿਆਂਦੀ ਤਾਂ ਕਾਲੜੇ ਨੇ ਬੈਂਕਾਕ 'ਚ ਰਹਿੰਦੇ ਕਿਸੇ ਭਾਰਤੀ ਤੋਂ ਗੁੜ ਤੇ ਤਿਲ ਮੰਗਾਏ। ਗੁੜ ਤੇ ਤਿਲ 'ਮੰਤਰ' ਕੇ ਸੁਰਜੀਤ ਨੂੰ ਖਾਣ ਲਈ ਦਿੱਤੇ। ਸੁਰਜੀਤ ਫਿਰ ਸਿਖਰ ਦੀ ਫਾਰਮ ਵਿਚ ਖੇਡਣ ਲੱਗਾ। ਇਓਂ ਵਹਿਮ ਦਾ ਇਲਾਜ ਵੀ ਵਹਿਮ ਨਾਲ ਹੀ ਹੋਇਆ!

ਕੱਪ ਦਾ ਫਾਈਨਲ ਮੈਚ 15 ਮਾਰਚ 1975 ਨੂੰ ਸੀ। ਸੈਮੀ ਫਾਈਨਲ 'ਚ ਜਰਮਨੀ ਨੂੰ ਵੱਧ ਗੋਲਾਂ 'ਤੇ ਹਰਾਉਣ ਕਰਕੇ ਪਾਕਿਸਤਾਨ ਦੀ ਪੁਜ਼ੀਸ਼ਨ ਬਿਹਤਰ ਸਮਝੀ ਜਾ ਰਹੀ ਸੀ। ਭਾਰਤੀ ਟੀਮ 'ਚ ਅਸ਼ੋਕ ਦੀਵਾਨ ਗੋਲਚੀ, ਅਸਲਮ ਤੇ ਸੁਰਜੀਤ ਫੁੱਲ ਬੈਕ, ਵਰਿੰਦਰ, ਅਜੀਤਪਾਲ ਤੇ ਮੁਹਿੰਦਰ ਹਾਫ਼ ਬੈਕ, ਫਿਲਿਪਸ, ਅਸ਼ੋਕ, ਪਵਾਰ, ਗੋਵਿੰਦਾ ਤੇ ਹਰਚਰਨ ਫਾਰਵਰਡ ਖਿਡਾਰੀ ਸਨ ਜਿਸ ਦਾ ਕੈਪਟਨ ਫਿਰ ਅਜੀਤਪਾਲ ਸੀ। ਸੱਤਰ ਹਜ਼ਾਰ ਸੀਟਾਂ ਵਾਲਾ ਸਟੇਡੀਅਮ ਕੰਢਿਆਂ ਤਕ ਭਰਪੂਰ ਸੀ। ਦਰਸ਼ਕਾਂ ਦੀਆਂ ਹੱਲਸ਼ੇਰੀਆਂ ਨਾਲ ਹੱਥਾਂ 'ਚ ਫੜੇ ਭਾਰਤੀ ਤੇ ਪਾਕਿਸਤਾਨੀ ਝੰਡੇ ਲਹਿਰਾ ਰਹੇ ਸਨ। ਮੈਚ ਦੇ ਪਹਿਲੇ ਪਲਾਂ ਵਿਚ ਭਾਰਤੀ ਟੀਮ ਹਾਵੀ ਰਹੀ। ਪਰ 16ਵੇਂ ਮਿੰਟ 'ਚ ਮਿਲੇ ਪੈਨਲਟੀ ਕਾਰਨਰ ਦਾ ਭਾਰਤੀ ਟੀਮ ਫਾਇਦਾ ਨਾ ਉਠਾ ਸਕੀ। ਪਹਿਲਾਂ ਪਾਕਿਸਤਾਨ ਦਾ ਇਕ ਪੈਨਲਟੀ ਕਾਰਨਰ ਵੀ ਬੇਕਾਰ ਚਲਾ ਗਿਆ ਸੀ। 25ਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਫੀਲਡ ਗੋਲ ਕਰ ਦਿੱਤਾ। 29ਵੇਂ ਮਿੰਟ 'ਚ ਭਾਰਤ ਨੂੰ ਮਿਲਿਆ ਦੂਜਾ ਪੈਨਲਟੀ ਕਾਰਨਰ ਵੀ ਅਜਾਈਂ ਚਲਾ ਗਿਆ। ਅੱਧੇ ਸਮੇਂ ਤਕ ਪਾਕਿਸਤਾਨ 1-0 ਗੋਲ ਨਾਲ ਅੱਗੇ ਸੀ।

ਦੂਜਾ ਅੱਧ ਸ਼ੁਰੂ ਹੋਇਆ ਤਾਂ ਭਾਰਤੀ ਟੀਮ ਦੇ ਹੱਲੇ ਹੋਰ ਤੇਜ਼ ਹੋ ਗਏ। ਗੇਂਦ ਵਾਰ-ਵਾਰ ਪਾਕਿਸਤਾਨ ਦੀ ਡੀ 'ਚ ਜਾਣ ਲੱਗੀ। 44ਵੇਂ ਮਿੰਟ 'ਚ ਭਾਰਤ ਨੂੰ ਫਿਰ ਪੈਨਲਟੀ ਕਾਰਨਰ ਮਿਲ ਗਿਆ। ਇਸ ਵਾਰ ਸੁਰਜੀਤ ਸਿੰਘ ਨੇ ਗੋਲ ਦਾ ਫੱਟਾ ਖੜਕਾ ਕੇ ਮੈਚ 1-1 ਦੀ ਬਰਾਬਰੀ 'ਤੇ ਲੈ ਆਂਦਾ। 51ਵੇਂ ਮਿੰਟ 'ਚ ਹਰਚਰਨ ਨੇ ਦੋ ਜਣਿਆਂ ਨੂੰ ਡਾਜ ਮਾਰ ਕੇ ਬਾਲ ਫਿਲਿਪਸ ਵੱਲ ਸੁੱਟਿਆ। ਉਸ ਨੇ ਅਸ਼ੋਕ ਨੂੰ ਪਾਸ ਦਿੱਤਾ ਜਿਸ ਨੇ ਦੂਜਾ ਗੋਲ ਕਰ ਦਿੱਤਾ। ਇੰਜ ਭਾਰਤ 2-1 ਗੋਲਾਂ ਨਾਲ ਵਿਸ਼ਵ ਕੱਪ ਜਿੱਤ ਗਿਆ। ਟੋਕੀਓ ਦੀਆਂ ਓਲੰਪਿਕ ਖੇਡਾਂ ਤੋਂ 11 ਸਾਲ ਬਾਅਦ ਭਾਰਤ ਫਿਰ ਹਾਕੀ ਦਾ ਵਰਲਡ ਚੈਂਪੀਅਨ ਬਣ ਗਿਆ। ਉਦੋਂ ਅਜੀਤਪਾਲ ਦੀ ਮਸ਼ਹੂਰੀ ਸਿਖਰਾਂ ਛੂਹ ਗਈ ਤੇ ਉਸ ਨੂੰ ਵਿਸ਼ਵ ਦਾ ਮਹਾਨ ਖਿਡਾਰੀ ਐਲਾਨਿਆ ਗਿਆ।

1976 ਵਿਚ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਅਜੀਤਪਾਲ ਨੂੰ ਫਿਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ ਪਰ ਉਥੇ ਭਾਰਤੀ ਟੀਮ ਦੀ ਕਾਰਗੁਜ਼ਾਰੀ ਆਸ ਤੋਂ ਕਿਤੇ ਘੱਟ ਰਹੀ ਤੇ ਉਸ ਨੂੰ 7ਵੇਂ ਸਥਾਨ 'ਤੇ ਰਹਿਣ ਦਾ ਸਬਰ ਕਰਨਾ ਪਿਆ। ਉਸ ਪਿੱਛੋਂ ਅਜੀਤਪਾਲ ਨੇ 1980 ਦੇ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਕਰਾਚੀ 'ਚ ਭਾਗ ਲਿਆ ਪਰ ਪਹਿਲਾਂ ਵਾਲੀ ਗੱਲ ਨਾ ਬਣੀ ਤੇ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਕੇ ਦਿੱਲੀ ਦੇ ਪਟਰੋਲ ਪੰਪ ਦੇ ਕਾਰੋਬਾਰ ਵਿਚ ਪੈ ਗਿਆ। ਸਰੀਰ ਨਾਲ ਹਾਕੀ ਖੇਡਣੀ ਭਾਵੇਂ ਉਸ ਨੇ ਛੱਡ ਦਿੱਤੀ ਸੀ ਪਰ ਦਿਲ ਉਸ ਦਾ ਅਜੇ ਵੀ ਹਾਕੀ ਲਈ ਹੀ ਧੜਕਦਾ ਹੈ।

principalsarwansingh@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਸਪੀਕਰ ਸੰਧਵਾਂ ਨੇ ਕਿਰਤੀ, ਮਿਹਨਤਕਸ਼ ਲੋਕਾਂ ਨੂੰ ਵੰਡੇ ਕੰਬਲ



ਕੋਟਕਪੂਰਾ, 3 ਜਨਵਰੀ, 2024 ( ਗਿਆਨ ਸਿੰਘ): ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਹਲਕੇ ਕੋਟਕਪੂਰਾ ਵਿਖੇ ਨਵੇਂ ਸਾਲ ਦੀਆਂ ਖੁਸ਼ੀਆਂ ਕਿਰਤੀ ਮਿਹਨਤਕਸ਼ ਲੋਕਾਂ ਨੂੰ ਮਿਲ ਕੇ ਕੰਬਲ ਵੰਡ ਕੇ ਸਾਂਝੀਆਂ ਕੀਤੀਆਂ।

ਸਪੀਕਰ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਮੁਕਾਮ ਪ੍ਰਾਪਤ ਹੋਇਆ ਹੈ ਉਹ ਮਿਹਨਤਕਸ਼ ਕਿਰਤੀ ਲੋਕਾਂ ਦੀ ਬਦੌਲਤ ਹੀ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਸੇਵਾ ਵਿਚ ਲਗਾਤਾਰ ਕੰਮ ਕਰ ਰਹੀ ਹੈ। ਲੋਕਾਂ ਨੇ ਵੀ ਸਪੀਕਰ ਸੰਧਵਾਂ ਦਾ ਇਸ ਨੇਕ ਕੰਮ ਲਈ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਲਈ ਵਚਨਬੱਧ ਹੈ। ਪੰਜਾਬ ਸਰਕਾਰ ਵਲੋਂ ਕੀਤੇ ਗਏ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਆਮ ਲੋਕਾਂ ਦੀ ਸਹੂਲਤ ਲਈ ਪੰਜਾਬ ਸਰਕਾਰ ਦੀਆਂ ਸਕੀਮਾਂ ਲੋਕਾਂ ਦੇ ਘਰਾਂ ਤੱਕ ਮੁਹੱਈਆ ਕਰਵਾਈਆਂ ਗਈਆ ਹਨ ਤਾਂ ਜੋ ਲੋਕਾਂ ਨੂੰ ਕਿਸੇ ਵੀ ਕੰਮ ਲਈ ਖੱਜਲ ਖੁਆਰ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਲਈ ਬੀਤੇ ਦਿਨੀਂ 5.25 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਹੈ ਅਤੇ ਬਾਕੀ ਰਹਿੰਦੇ ਅਧੂਰੇ ਕੰਮਾਂ ਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਐਡਵੋਕੇਟ ਬੀਰਇੰਦਰ ਸਿੰਘ, ਚੇਅਰਮੈਨ ਆਰਾ ਮਾਰਕਿਟ ਗੁਰਮੀਤ ਸਿੰਘ,ਬੱਬੂ ਪੱਕਾ, ਸੁਖਵੰਤ ਸਿੰਘ ਪੱਕਾ ਜਿਲ੍ਹਾ ਯੂਥ ਪ੍ਰਧਾਨ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਜਲ ਸੰਭਾਲ ਯਤਨਾਂ ਨੂੰ ਹੁਲਾਰਾ ਦੇਣ ਲਈ ਕੁਆਂਟਮ ਪੇਪਰਜ਼ ਲਿਮਟਿਡ ਨਾਲ ਸਮਝੌਤਾ

## ਆਪਣੀ ਕਿਸਮ ਦੀ ਇਹ ਪਹਿਲੀ ਤੇ ਵਿਲੱਖਣ ਭਾਈਵਾਲੀ ਸੂਬੇ ਦੇ ਜਲ ਸਰੋਤ ਸੰਭਾਲ ਪ੍ਰੋਗਰਾਮਾਂ ਵਿੱਚ ਪ੍ਰਾਈਵੇਟ ਖੇਤਰ ਦੀ ਸ਼ਮੂਲੀਅਤ ਵਧਾਏਗੀ: ਚੇਤਨ ਸਿੰਘ ਜੌੜਾਮਾਜਰਾ

ਚੰਡੀਗੜ੍ਹ, 3 ਜਨਵਰੀ (ਗਿਆਨ ਸਿੰਘ): ਸੂਬੇ ਵਿੱਚ ਚਲਾਏ ਜਾ ਰਹੇ ਜਲ ਸੰਭਾਲ ਅਤੇ ਪ੍ਰਬੰਧਨ ਸਬੰਧੀ ਯਤਨਾਂ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਅੱਜ ਕੁਆਂਟਮ ਪੇਪਰਜ਼ ਲਿਮਟਿਡ ਨਾਲ ਸਮਝੌਤਾ ਸਹੀਬੱਧ ਕੀਤਾ ਗਿਆ। ਪੰਜਾਬ ਦੇ ਭੂਮੀ ਅਤੇ ਜਲ ਸੰਭਾਲ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਦੀ ਮੌਜੂਦਗੀ ਵਿੱਚ ਵਿਭਾਗ ਦੇ ਅਧਿਕਾਰੀਆਂ ਅਤੇ ਹੁਸ਼ਿਆਰਪੁਰ ਆਧਾਰਤ ਪੇਪਰ ਕੰਪਨੀ ਦੇ ਪ੍ਰਬੰਧਕਾਂ ਨੇ ਸਮਝੌਤੇ 'ਤੇ ਹਸਤਾਖ਼ਰ ਕੀਤੇ।



ਇਸ ਦੌਰਾਨ ਕੈਬਨਿਟ ਮੰਤਰੀ ਜੌੜਾਮਾਜਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਕੁਦਰਤੀ ਸਰੋਤਾਂ ਦੀ ਸੰਭਾਲ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਇਹ ਰਾਜ ਵਿੱਚ ਆਪਣੀ ਕਿਸਮ ਦਾ ਪਹਿਲਾ ਅਜਿਹਾ ਉਪਰਾਲਾ ਹੈ ਜਿਸ ਤਹਿਤ ਸੂਬੇ ਵਿੱਚ ਨਿੱਜੀ ਖੇਤਰ ਜਲ ਸਰੋਤਾਂ ਦੀ ਸੰਭਾਲ ਲਈ ਨਿਵੇਸ਼ ਅਤੇ ਸਹਿਯੋਗ ਕਰੇਗਾ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਇਹ ਕਦਮ ਯਕੀਨੀ ਤੌਰ 'ਤੇ ਸਰਕਾਰ ਨੂੰ ਆਪਣੇ ਜਲ ਸੰਭਾਲ ਪ੍ਰੋਗਰਾਮਾਂ ਦਾ ਦਾਇਰਾ ਵਧਾਉਣ ਵਿੱਚ ਮਦਦ ਕਰੇਗਾ ਅਤੇ ਭਵਿੱਖ ਵਿੱਚ ਅਜਿਹੀਆਂ ਹੋਰ ਸਰਕਾਰ-ਨਿੱਜੀ ਭਾਈਵਾਲੀ ਪਹਿਲਕਦਮੀਆਂ ਲਈ ਰਾਹ ਪੱਧਰਾ ਕਰੇਗਾ।

ਭੂਮੀ ਅਤੇ ਜਲ ਸੰਭਾਲ ਮੰਤਰੀ ਨੇ ਕਿਹਾ ਕਿ ਇਸ ਸਮਝੌਤੇ ਤਹਿਤ ਕੰਪਨੀ ਆਪਣੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਫੰਡਾਂ ਜਾਂ ਇਸ ਉਦੇਸ਼ ਲਈ ਵਿਸ਼ੇਸ਼ ਤੌਰ 'ਤੇ ਨਿਰਧਾਰਤ ਫੰਡਾਂ ਰਾਹੀਂ ਨਵੇਂ ਅਤੇ ਚਲ ਰਹੇ ਜਲ ਸਰੋਤ ਸੰਭਾਲ ਅਤੇ ਪ੍ਰਬੰਧਨ ਕੰਮਾਂ ਵਿੱਚ ਨਿਵੇਸ਼ ਕਰੇਗੀ ਜਿਸ ਵਿਚ ਚੈਕ ਡੈਮਾਂ ਦੀ ਉਸਾਰੀ, ਕੁਸ਼ਲ ਸਿੰਜਾਈ ਪ੍ਰਣਾਲੀਆਂ ਦਾ ਲਾਗੂਕਰਨ, ਸੀਵਰੇਜ ਟ੍ਰੀਟਮੈਂਟ ਪਲਾਂਟਾਂ ਤੋਂ ਟ੍ਰੀਟਿਡ ਪਾਣੀ ਦੀ ਵਰਤੋਂ ਆਦਿ ਕੰਮ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਸਾਲ 1979-80 ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸੈਲਾਖੁਰਦ ਵਿੱਚ ਸਥਾਪਤ ਕੀਤੀ ਗਈ ਕੁਆਂਟਮ ਪੇਪਰਜ਼ ਲਿਮਟਿਡ, ਸੂਬੇ ਦੀ ਇੱਕ ਪ੍ਰਮੁੱਖ ਕਾਗ਼ਜ਼ ਨਿਰਮਾਤਾ ਕੰਪਨੀ ਹੈ। ਕੰਪਨੀ ਦੇ ਡਾਇਰੈਕਟਰ ਸ੍ਰੀ ਦ੍ਰਿਸ਼ਇੰਦਰ ਸਿੰਘ ਸੰਧਾਵਾਲੀਆ ਨੇ ਦੱਸਿਆ ਕਿ ਉਹ ਪੰਜਾਬ ਸਰਕਾਰ ਨਾਲ ਲੰਮੇ ਸਮੇਂ ਦੀ ਭਾਈਵਾਲੀ ਵਿੱਚ ਦਿਲਚਸਪੀ ਰੱਖਦੇ ਹਨ ਅਤੇ ਸਰਕਾਰ ਦੀਆਂ ਹਰ ਤਰ੍ਹਾਂ ਦੀਆਂ ਜਲ ਸੰਭਾਲ ਪਹਿਲਕਦਮੀਆਂ ਵਿੱਚ ਨਿਵੇਸ਼ ਕਰਨਗੇ।

ਇਸ ਦੌਰਾਨ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਅਧਿਕਾਰੀਆਂ ਨੂੰ ਖੇਤੀਬਾੜੀ ਖੇਤਰ ਵਿੱਚ ਪਾਣੀ ਦੀ ਸੰਭਾਲ ਲਈ ਹੋਰ ਨਿਵੇਕਲੀਆਂ ਅਤੇ ਸਮਾਰਟ ਤਕਨੀਕਾਂ ਲਿਆਉਣ ਲਈ ਕਿਹਾ।

ਮਹਿੰਦਰ ਸਿੰਘ ਸੈਣੀ, ਮੁੱਖ ਭੂਮੀ ਪਾਲ ਪੰਜਾਬ ਨੇ ਕੰਪਨੀ ਦੇ ਨੁਮਾਇੰਦਿਆਂ ਦਾ ਜਲ ਸਰੋਤ ਪ੍ਰਬੰਧਨ ਦੀ ਇਸ ਅਹਿਮ ਮੁਹਿੰਮ ਵਿੱਚ ਸੂਬਾ ਸਰਕਾਰ ਨਾਲ ਜੁੜਨ ਲਈ ਧੰਨਵਾਦ ਕੀਤਾ।

ਇੱਥੇ ਦੱਸਣਯੋਗ ਹੈ ਕਿ ਸੂਬਾ ਧਰਤੀ ਹੇਠਲੇ ਪਾਣੀ ਦੀ ਨਾਜ਼ੁਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਦਾ ਲਗਭਗ 80 ਫ਼ੀਸਦੀ ਰਕਬਾ ਅਤਿ-ਸ਼ੋਸ਼ਣ ਸ਼੍ਰੇਣੀ ਅਧੀਨ ਹੈ। ਜੇ ਤੁਰੰਤ ਢੁਕਵੇਂ ਕਦਮ ਨਾ ਚੁੱਕੇ ਗਏ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਵਾਸੀ ਕੀਮਤੀ ਕੁਦਰਤੀ ਸਰੋਤ ਪਾਣੀ ਤੋਂ ਵਾਂਝੇ ਹੋ ਜਾਣਗੇ।

# ਪੰਜਾਬ ਪੁਲਿਸ ਨੇ ਬੱਸ ਸਟੈਂਡਾਂ, ਰੇਲਵੇ ਸਟੇਸ਼ਨਾਂ ’ਤੇ ਰਾਜ-ਵਿਆਪੀ ਵਿਸ਼ੇਸ਼ ਚੈਕਿੰਗ ਦੌਰਾਨ 24 ਅਪਰਾਧਿਕ ਤੱਤਾਂ ਨੂੰ ਕੀਤਾ ਗ੍ਰਿਫਤਾਰ

## ਆਪ੍ਰੇਸ਼ਨ ਈਗਲ 3:

ਚੰਡੀਗੜ੍ਹ, 3 ਜਨਵਰੀ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ‘‘ਆਪ੍ਰੇਸ਼ਨ ਈਗਲ-3’’ ਦੇ ਨਾਂ ਹੇਠ ਰਾਜ ਭਰ ਦੇ ਸਾਰੇ ਬੱਸ ਅੱਡੇ ਅਤੇ ਰੇਲਵੇ ਸਟੇਸ਼ਨਾਂ ਅਤੇ ਇਨ੍ਹਾਂ ਦੇ ਆਲੇ-ਦੁਆਲੇ ਦੀਆਂ ਥਾਵਾਂ ’ਤੇ ਵਿਸ਼ੇਸ਼ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਚਲਾਇਆ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ’ਤੇ ਅਮਲ ਵਿੱਚ ਲਿਆਂਦੀ ਗਈ। ਇਹ ਆਪ੍ਰੇਸ਼ਨ (ਕਾਸੋ) ਦੁਪਹਿਰ 12 ਵਜੇ ਤੋਂ ਦੁਪਹਿਰ 3 ਵਜੇ ਤੱਕ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ , ਜਿਸ ਤਹਿਤ ਪੁਲਿਸ ਟੀਮਾਂ ਨੇ ਸਨਿਫ਼ਰ ਡਾਗਜ਼ ( ਸੁੰਘਣ ਵਾਲੇ ਕੁੱਤੇ) ਦੀ ਸਹਾਇਤਾ ਨਾਲ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ’ਤੇ ਆਉਣ-ਜਾਣ ਵਾਲੇ ਲੋਕਾਂ ਦੀ ਤਲਾਸ਼ੀ ਕੀਤੀ।

ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਨਿੱਜੀ ਤੌਰ ’ਤੇ ਇਸ ਰਾਜ ਪੱਧਰੀ ਕਾਰਵਾਈ ਦੀ ਨਿਗਰਾਨੀ ਕਰ ਰਹੇ ਸਨ, ਨੇ ਦੱਸਿਆ ਕਿ ਇਸ ਕਾਰਵਾਈ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਹਰੇਕ ਰੇਲਵੇ ਸਟੇਸ਼ਨ / ਬੱਸ ਅੱਡਿਆਂ ’ਤੇ ਐਸਪੀ/ਡੀਐਸਪੀ ਰੈਂਕ ਦੇ ਅਧਿਕਾਰੀਆਂ ਦੇ ਅਗਵਾਈ ਵਾਲੀਆਂ ਘੱਟੋ-ਘੱਟ ਦੋ ਮਜ਼ਬੂਤ ਟੀਮਾਂ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ ਕਿ ਰੇਂਜ ਅਧਿਕਾਰੀਆਂ ਨੂੰ ਇਸ ਕਾਰਵਾਈ ਦੀ ਮੁਕੰਮਲ ਨਿਗਰਾਨੀ ਕਰਨ ਲਈ ਕਿਹਾ ਗਿਆ ਸੀ।

ਉਨ੍ਹਾਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੂੰ ਸਾਰੇ ਸ਼ੱਕੀ ਵਿਅਕਤੀਆਂ ਤੋਂ ਪੁੱਛਗਿਛ ਕਰਨ ਅਤੇ ਉਨ੍ਹਾਂ ਦੇ ਪਿਛੋਕੜ ਦੀ ਤਫ਼ਤੀਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਕਿਹਾ, ‘‘ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਉਹ ਇਸ ਕਾਰਵਾਈ ਦੌਰਾਨ ਹਰ ਵਿਅਕਤੀ ਨਾਲ ਦੋਸਤਾਨਾ ਢੰਗ ਅਤੇ ਨਿਮਰਤਾ ਨਾਲ ਪੇਸ਼ ਆਉਣ।’’





ਸਪੈਸ਼ਲ ਡੀ.ਜੀ.ਪੀ. ਨੇ ਕਿਹਾ ਕਿ ਸੂਬੇ ਦੇ ਵੱਖ-ਵੱਖ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ’ਤੇ ਸ਼ੱਕੀ ਵਿਅਕਤੀਆਂ ਦੀ ਸ਼ਨਾਖਤ ਲਈ ਸੂਬੇ ਭਰ ’ਚ ਲਗਭਗ 500 ਪੁਲਸ ਟੀਮਾਂ, ਜਿਨ੍ਹਾਂ ਵਿੱਚ 4000 ਤੋਂ ਵੱਧ ਪੁਲੀਸ ਕਰਮੀਆਂ ਸ਼ਾਮਲ ਸਨ, ਨੇ ਆਪ੍ਰੇਸ਼ਨ ਨੂੰ ਅੰਜਾਮ ਦਿੱਤਾ ਅਤੇ ਇਸ ਦੌਰਾਨ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਇਆ ਗਿਆ ।

ਉਨ੍ਹਾਂ ਕਿਹਾ ਕਿ ਸੂਬੇ ਦੇ 134 ਬੱਸ ਅੱਡਿਆਂ ਅਤੇ 181 ਰੇਲਵੇ ਸਟੇਸ਼ਨਾਂ ’ਤੇ ਚਲਾਏ ਗਏ ਅਪਰੇਸ਼ਨ ਦੌਰਾਨ 917 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ, ਜਦਕਿ ਪੁਲਿਸ ਟੀਮਾਂ ਨੇ 21 ਐਫਆਈਆਰਜ਼ ਦਰਜ ਕਰਕੇ 24 ਅਪਰਾਧਿਕ ਤੱਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਜਿਕਰਯੋਗ ਹੈ ਕਿ ਅਜਿਹੇ ਆਪ੍ਰੇਸ਼ਨ ਫੀਲਡ ਵਿੱਚ ਪੁਲਿਸ ਦੀ ਮੌਜੂਦਗੀ ਨੂੰ ਦਰਸਾਉਣ ਅਤੇ ਆਮ ਲੋਕਾਂ ਦਾ ਭਰੋਸਾ ਵਧਾਉਣ ਵਿੱਚ ਵੀ ਮਦਦਗਾਰ ਸਿੱਧ ਹੁੰਦੇ ਹਨ।



# Dr. Randhawa Dentistry

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ




**Tel: 905.791.2888 Cell: 647.293.3212**
2053 Williams Pkwy, Unit -45, Brampton | Email: grandupholstery@gmail.com

**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA
MCNE, REAL ESTATE BROKER

**416-371-7777**

e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED IN YOUR NEIGHBOURHOOD**

**Brampton Ontario (Dir/Cross St:Kennedy/Bovaird)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਸੋਹਣਾ ਜਿਹਾ ਘਰ, 3 ਬੈਡਰੂਮ ਅਤੇ 4 ਵਾ-ਸ਼ੂਰਮ ਹਨ, ਫਿਨਿਸ਼ਡ ਬੇਸਮੈਂਟ, 1+1 ਕਿਚਨ, ਮੇਨ ਅਤੇ ਦੂਜੀ ਮੰਜ਼ਲ ਦੇ ਫਲੋਰ ਲੈਮੀਨੇਟਡ ਹਨ, ਮਾਸਟਰ ਬੈਡਰੂਮ ਵਿਚ 4 ਪੀਸੀ ਇਨ-ਸੂਟ ਅਤੇ ਵਾਕਿੰਗ ਕਲੋਜ਼ਟ, ਚਾਰਦਿਵਾਰੀ ਦੇ ਨਾਲ ਯਾਰਡ, ਅਤੇ ਹੋਰ ਵੀ ਬਹੁਤ ਕੁੱਝ।

**Brampton Ontario (Dir/Cross St:The Gore/Castlemore/Gardenbrok)**



ਖੂਬਸੂਰਤ ਡਿਟੈਚਡ ਘਰ, ਜਿਸ ਵਿਚ 4+2 ਬੈਡਰੂਮ + ਲੌਫਟ + 5 ਵਾਸ਼ਰੂਮ ਹਨ, ਫਿਨਿਸ਼ਡ ਬੇਸਮੈਂਟ ਅਲੱਗ ਇੰਟਰੈਂਸ ਦੇ ਨਾਲ, 1+1 ਕਿਚਨ, ਸਾਰੇ ਬੈਡਰੂਮਜ਼ ਵਿਚ ਲੈਮੀਨੇਟਡ ਫਲੋਰ, ਪ੍ਰਾਇਮਰੀ ਬੈਡਰੂਮ ਵਿਚ 5 ਪੀਸੀ ਇਨਸੂਟ ਅਤੇ ਵਾਕ ਇਨ ਕਲੋਜ਼ਟ, ਦੋ ਮਾਸਟਰ ਬੈਡਰੂਮ, ਪਾਠ/ਪੂਜਾ ਲਈ ਸਥਾਨ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Brampton Ontario (Dir/Cross St:Bramalea/Father Tobin /Fernfor)**



ਰੈਂਪਟਨ ਵਿਚ 3000-3500 ਸਕੁਏਅਰ ਫੁੱਟ ਦਾ ਸੋਹਣਾ ਜਿਹਾ 3 ਸਟੋਰੀ ਡਿਟੈਚਟਡ ਘਰ, ਬਰੈਮਲੀ/ਫਾਦਰ ਟੌਬਿਨ/ਫਰਨਫੌਰ ਇੰਟਰਸੈਕਸ਼ਨ ਉਤੇ ਸਥਿਤ, 5+1 ਬੈਡਰੂਮਜ਼ + 5 ਵਾਸ਼ਰੂਮਜ਼, 2 ਫੈਮਿਲੀ ਰੂਮ ਅਤੇ 2 ਮਾਸਟਰ ਬੈਡਰੂਮਜ਼ ਦੇ ਨਾਲ, ਉਪਰਲੇ ਫਲੋਰ ਦੇ ਸਾਰੇ ਬੈਡਰੂਮਜ਼ ਲੈਮੀਨੇਟਡ, ਕੁਆਰਟਸ ਸੀ ਟਾਪ ਦੇ ਨਾਲ ਸੁੰਦਰ ਕਿਚਨ, ਗੈਰਾਜ ਤੋਂ ਡੋਰ ਐਂਟਰੀ, ਅੰਦਰ ਅਤੇ ਬਾਹਰ ਪੌਟ ਲਾਈਟਾਂ ਲੱਗੀਆਂ ਹੋਈਆਂ, ਦੂਸਰੇ ਫਲੋਰ ਉਤੇ ਲਾਊਂਡਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਸਾਊਂਡ ਸਿਸਟਮ ਦੇ ਨਾਲ।

FREE

- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

JAG AUJLA MCNE, Real Estate Broker 416-371-7777

NOT INTENDED TO SOLICIT BUYERS OR SELLERS CURRENTLY UNDER CONTRACT




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017